Fair Advice Financial | Carte WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 55 | Monday, March 21, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਵਪਾਰ ਲਈ ਗੱਲਬਾਤ ਵਾਸਤੇ ਫੋਰਡ ਅਮਰੀਕਾ ਰਵਾਨਾ

ਓਨਟਾਰੀਓ, 20 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ ਲਈ ਨਿਵੇਸ਼ ਹਾਸਲ ਕਰਨ ਤੇ ਵਪਾਰ ਲਈ ਗੱਲਬਾਤ ਵਾਸਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਅਮਰੀਕਾ ਰਵਾਨਾ ਹੋਏ ਹਨ।

ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨਿਕ ਅਧਿਕਾਰੀਆਂ, ਜਿਨ੍ਹਾਂ ਵਿੱਚ ਅੰਡਰ ਸੈਕਟਰੀ ਆਫ ਕਾਮਰਸ ਫੌਰ ਇੰਟਰਨੈਸ਼ਨਲ ਟਰੇਡ ਮਰੀਸਾ ਲੇਗੋ, ਅਸਿਸਟੈਂਟ ਯੂਐਸ ਟਰੇਡ ਰਿਪ੍ਰਜ਼ੈਂਟੇਟਿਵ ਫੌਰ ਦ ਵੈਸਟਰਨ ਹੈਮੀਸਫੀਅਰ ਡੇਨੀਅਲ ਵਾਟਸਨ ਤੇ ਅਮਰੀਕਾ ਵਿੱਚ ਕੈਨੇਡਾ ਦੇ ਸਫੀਰ ਕਰਸਟਨ ਹਿੱਲ ਸ਼ਾਮਲ ਹਨ, ਨਾਲ ਮੁਲਾਕਾਤ ਲਈ ਫੋਰਡ ਸੋਮਵਾਰ ਨੂੰ ਵਾਸ਼ਿੰਗਟਨ, ਡੀਸੀ ਪਹੁੰਚਣਗੇ।



ਐਤਵਾਰ ਨੂੰ ਇੱਕ ਬਿਆਨ ਵਿੱਚ ਫੋਰਡ ਨੇ ਆਖਿਆ ਕਿ ਓਨਟਾਰੀਓ ਦੇ ਭਵਿੱਖ ਵਿੱਚ ਨਿਵੇਸ਼ ਲਈ ਕੰਪਨੀਆਂ ਕੋਲ ਇਸ ਤੋਂ ਵਧੀਆ ਸਮਾਂ ਹੋਰ ਕੋਈ ਨਹੀਂ ਹੋ ਸਕਦਾ। ਇਸ ਦੌਰੇ ਦੌਰਾਨ ਫੋਰਡ ਦੇ ਨਾਲ ਇਕਨੌਮਿਕ ਡਿਵੈਲਪਮੈਂਟ, ਜੌਬ ਕ੍ਰੀਏਸ਼ਨ ਤੇ ਟਰੇਡ ਮੰਤਰੀ ਵਿੱਕ ਫੈਡੇਲੀ ਵੀ ਗਏ ਹਨ। ਪ੍ਰੀਮੀਅਰ ਫੋਰਡ ਕੈਨੇਡੀਅਨ ਅਮੈਰੀਕਨ ਬਿਜ਼ਨਸ ਕਾਊਂਸਲ ਵੱਲੋਂ ਰੱਖੇ ਈਵੈਂਟ ਵਿੱਚ ਵੀ ਹਿੱਸਾ ਲੈਣਗੇ।

## ਅੱਜ ਤੋਂ ਓਨਟਾਰੀਓ ਦੀਆਂ ਬਹੁਤੀਆਂ ਸੈਟਿੰਗਜ਼ ਵਿੱਚ ਖ਼ਤਮ ਹੋ ਜਾਵੇਗਾ ਮਾਸਕ ਸਬੰਧੀ ਨਿਯਮ

ਓਨਟਾਰੀਓ, 20 ਮਾਰਚ (ਪੋਸਟ ਬਿਊਰੋ) : ਕੋਵਿਡ-19 ਤੋਂ ਬਚਾਅ ਲਈ ਸੱਭ ਤੋਂ ਲੰਮੇਂ ਸਮੇਂ ਤੋਂ ਚੱਲ ਰਹੇ ਮਾਪਦੰਡ ਨੂੰ ਫੋਰਡ ਸਰਕਾਰ ਸੋਮਵਾਰ ਤੋਂ ਖ਼ਤਮ ਕਰਨ ਜਾ ਰਹੀ ਹੈ। ਸਕੂਲਾਂ ਤੇ ਚਾਈਲਡ ਕੇਅਰ ਸਮੇਤ ਬਹੁਤੀਆਂ ਸੈਟਿੰਗਜ਼ ਵਿੱਚ ਮਾਸਕ ਪਾ ਕੇ ਰੱਖਣਾ ਲਾਜ਼ਮੀ ਸ਼ਰਤ ਨਹੀਂ ਰਹਿ ਜਾਵੇਗੀ ਸਗੋਂ ਲੋਕ ਆਪਣੀ ਮਰਜ਼ੀ ਨਾਲ ਜੇ ਮਾਸਕ ਪਾਉਣਾ ਚਾਹੁਣ ਤਾਂ ਉਹ ਅਜਿਹਾ ਕਰ ਸਕਦੇ ਹਨ।

ਪਬਲਿਕ ਟਰਾਂਜ਼ਿਟ, ਲਾਂਗ ਟਰਮ ਕੇਅਰ, ਰਿਟਾਇਰਮੈਂਟ ਹੋਮਜ਼ ਤੇ ਹੋਰਨਾਂ ਹੈਲਥ ਕੇਅਰ ਸੈਟਿੰਗਜ਼, ਕੇਅਰ ਸੈਟਿੰਗਜ਼, ਸ਼ੈਲਟਰਜ਼, ਜੇਲ੍ਹਾਂ ਤੇ ਅਪਾਹਜ ਲੋਕਾਂ ਲਈ ਘਰਾਂ ਵਿੱਚ ਮਾਸਕ ਪਾ ਕੇ ਰੱਖਣਾ ਅਜੇ ਵੀ ਜ਼ਰੂਰੀ ਹੋਵੇਗਾ। ਪ੍ਰੋਵਿੰਸ ਦਾ ਕਹਿਣਾ ਹੈ ਕਿ ਬਾਕੀ ਦੀਆਂ ਸਾਰੀਆਂ ਸੈਟਿੰਗਜ਼ ਤੋਂ ਵੀ ਮਾਸਕ ਸਬੰਧੀ ਨਿਯਮ 27 ਅਪਰੈਲ ਤੋਂ ਖ਼ਤਮ ਹੋ ਜਾਵੇਗਾ।



ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਵੱਲੋਂ ਆਖੇ ਜਾਣ ਤੋਂ ਬਾਅਦ ਹੀ ਮਾਸਕ ਸਬੰਧੀ ਨਿਯਮ ਖ਼ਤਮ ਕੀਤਾ ਜਾ ਰਿਹਾ ਹੈ। ਮੂਰ ਨੇ ਦੱਸਿਆ ਕਿ ਬੀ ਏ 2 ਵੇਰੀਐਂਟ ਹੁਣ ਇੱਕ ਵਾਰੀ ਮੁੜ ਫੈਲੇਗਾ ਤੇ ਇਹ ਓਮਾਈਕ੍ਰੌਨ ਸਟ੍ਰੇਨ ਤੋਂ 30 ਗੁਣਾਂ ਜ਼ਿਆਦਾ ਖ਼ਤਰਨਾਕ ਹੋਵੇਗਾ ਪਰ ਇਸ ਕਾਰਨ ਲੋਕਾਂ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ।

ਇਸ ਦੌਰਾਨ ਟੋਰਾਂਟੋ ਦੇ 11 ਹਾਈ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੋਮਵਾਰ ਨੂੰ ਮਾਸਕ ਸਬੰਧੀ ਪਾਬੰਦੀ ਹਟਾਏ ਜਾਣ ਦਾ ਵਿਰੋਧ ਕਰਨ ਲਈ ਮੁਜ਼ਾਹਰਾ ਆਯੋਜਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਮਾਸਕ ਸਬੰਧੀ ਸ਼ਰਤ ਖ਼ਤਮ ਕਰਨ ਨਾਲ ਸਕੂਲਾਂ ਨੂੰ ਖਤਰਾ ਖੜ੍ਹਾ ਹੋ ਜਾਵੇਗਾ। ਇਨ੍ਹਾਂ ਵਿਦਿਆਰਥੀਆਂ ਵੱਲੋਂ ਮਾਸਕ ਸਬੰਧੀ ਨਿਯਮ ਵਿੱਚ ਵਾਧਾ ਕਰਨ, ਵਿਦਿਆਰਥੀਆਂ ਤੇ ਸਟਾਫ ਲਈ ਪੀਸੀਆਰ ਟੈਸਟ ਤੱਕ ਪਹੁੰਚ ਯਕੀਨੀ ਬਣਾਉਣ ਤੇ ਕੋਵਿਡ-19 ਕੇਸ ਰਿਪੋਰਟ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ।

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਮਝਾਉਣੀਆਂ ਵੀ, ਸਿਖਾਵਤਾਂ ਵੀ

### ਆਪ ਵਿਧਾਇਕਾਂ ਦੀ ਪਹਿਲੀ ਮੀਟਿੰਗ: * ਕੇਜਰੀਵਾਲ ਨੇ ਸਖ਼ਤ ਹਦਾਇਤਾਂ ਦਿੱਤੀਆਂ

ਮੋਹਾਲੀ, 20 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੱਡੀ ਜਿੱਤ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਪਲੇਠੀ ਮੀਟਿੰਗ ਕੀਤੀ ਅਤੇ ਕੇਜਰੀਵਾਲ ਨੇ ਵੀਡੀਓ ਕਾਨਫਰੰਸ ਰਾਹੀਂ ਵਿਧਾਇਕਾਂ ਨਾਲ ਗੱਲਬਾਤ ਕੀਤੀ ਹੈ।

ਅੱਜ ਦੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਬੈਠਕ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਲੋਕਾਂ ਨੇ ਸਾਨੂੰ ਬਹੁਤ ਵੱਡਾ ਬਹੁਮੱਤ ਦਿੱਤਾ ਹੈ, ਕਈ ਥਾਂ ਅਸੀਂ ਪ੍ਰਚਾਰ ਲਈ ਨਹੀਂ ਜਾ ਸਕੇ, ਪਰ ਲੋਕਾਂ ਨੇ ਸਾਡੀ ਪਾਰਟੀ ਲਈ ਵੋਟ ਮਸ਼ੀਨਾਂ (ਈ ਵੀ ਐੱਮ) ਨੂੰ ਵੋਟਾਂ ਨਾਲ ਭਰ ਦਿੱਤਾ।ਅੱਗੋਂ ਸਾਡਾ ਕੰਮ ਹੈ ਕਿ ਪੰਜਾਬ ਦੇ ਕੋਨੇ-ਕੋਨੇ ਵਿੱਚ ਜਾਈਏ। ਕਈ ਵਾਰ ਡੋਰ-ਟੂ-ਡੋਰ ਪ੍ਰਚਾਰ ਕਰਦੇ ਹੋਏ ਕੁਝ ਘਰ ਰਹਿ ਜਾਂਦੇ ਹਨ। ਜਿੱਥੇ ਵੀ ਸਮੱਸਿਆ ਜਾਂ ਕੋਈ ਮੁੱਦਾ ਹੈ, ਉਥੇ ਅਸੀਂ ਜਾਣਾ ਹੈ। ਅਸੀਂ ਇਹ ਨਹੀਂ ਦੇਖਣਾ ਕਿ ਸਾਨੂੰ ਇਥੋਂ ਵੋਟ ਨਹੀਂ ਮਿਲੇ ਜਾਂ ਕੁਝ ਹੋਰ ਹੋਇਆ ਸੀ।' ਉਨ੍ਹਾ ਕਿਹਾ ਕਿ 'ਤਹਿਸੀਲਦਾਰ, ਪਟਵਾਰੀ ਅਤੇ ਐੱਸਐੱਚ ਓਨ੍ਹਾਂ ਡਰਾਉਣਾ ਨਹੀਂ, ਉਨ੍ਹਾਂ ਨੂੰ ਸੁਧਾਰਨਾ ਹੈ ਤਾਂ ਸਮਝਾਓ। ਉਸ ਨੂੰ ਕਿਵੇਂ ਸੁਧਾਰਨਾ ਹੈ, ਇਸ ਬਾਰੇ ਪੁੱਛੋ।



ਸਰਕਾਰ ਪੂਰਾ ਸਾਥ ਦੇਵੇਗੀ।' ਭਗਵੰਤ ਮਾਨ ਨੇ ਕਿਹਾ ਕਿ 'ਨਾਜਾਇਜ਼ ਮਾਈਨਿੰਗਛੋਟੇ ਅਫਸਰਾਂ ਨੂੰ ਕਹਿਣ ਨਾਲ ਬੰਦ ਨਹੀਂ ਹੋਣੀ। ਚੰਡੀਗੜ੍ਹ ਵਿੱਚੋਂ ਮੈਂ ਇਸ ਨੂੰ ਬੰਦ ਕਰਾਂਗਾ। ਪਹਿਲਾਂ ਵੀ ਇਹੋ ਹੋਇਆ ਸੀ ਕਿ ਗਲਤ ਕੰਮ ਕਿਸੇ ਨੇ ਕਰਵਾਇਆ ਅਤੇ ਸਸਪੈਂਡ ਕੋਈ ਹੋਰ ਹੋ ਗਿਆ। ਇਹ ਅੱਗੇ ਤੋਂ ਨਹੀਂ ਚੱਲੇਗਾ।'

ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ 25 ਹਜ਼ਾਰ ਸਰਕਾਰੀ ਨੌਕਰੀਆਂ ਕੱਢੀਆਂ ਹਨ ਤਾਂ ਉਨ੍ਹਾਂ ਲਈ ਸਿਫਾਰਸ਼ ਲੈ ਕੇ ਲੋਕ ਆਉਣਗੇ, ਤੁਸੀਂ ਸਿਫਾਰਸ਼ ਨਾ ਕਰਨਾ, ਕਿਉਂਕਿ ਉਸ ਨਾਲ ਕਿਸੇ ਹੋਰ ਦਾ ਹੱਕ ਮਾਰਿਆ ਜਾਵੇਗਾ।ਪਾਰਟੀ ਦੇ ਕਨਵੀਨਰ ਕੇਜਰੀਵਾਲ 2 ਰੁਪਏ ਦੀ ਪਰਚੀ ਲੈ ਕੇ ਖੁਦ ਮੌਕੇ ਉੱਤੇ ਗਏ ਸਨ।

...ਬਾਕੀ ਪੰਨਾ 3 'ਤੇ

## ਫਿਲਮ 'ਦਿ ਕਸ਼ਮੀਰ ਫਾਈਲਜ਼' ਦੇ ਕਾਰਨ ਨਿਜ਼ੀਊਲੈਂਡ ਵਿੱਚ ਵਿਵਾਦ ਛਿੜਿਆ

ਆਕਲੈਂਡ, 20 ਮਾਰਚ, (ਪੋਸਟ ਬਿਊਰੋ)- ਵਿਵੇਕ ਅਗਨੀਹੋਤਰੀ ਦੀ ਚਰਚਿਤ ਫਿਲਮ'ਦਿ ਕਸ਼ਮੀਰ ਫਾਈਲਜ਼' ਨਾਲ ਨਿਊਜ਼ੀਲੈਂਡ ਵਿਚ ਵੀ ਵਿਵਾਦ ਉੱਠ ਖੜੋਤਾ ਹੈ। ਉਸ ਦੇਸ਼ ਦੇ ਸੈਂਸਰ ਦੇ ਮੁਖੀ ਫਿਲਮ ਦੇ ਆਰ-ਸਰਟੀਫਿਕੇਟ ਦੀ ਜਾਂਚ ਕਰ ਰਹੇ ਹਨ, ਜਿਸ ਦੀ ਸਾਬਕਾ ਉਪ ਪ੍ਰਧਾਨ ਮੰਤਰੀ ਨੇ ਆਲੋਚਨਾ ਕੀਤੀ ਹੈ। ਵਰਨਣ ਯੋਗ ਹੈ ਕਿ ਵਿਵੇਕ ਅਗਨੀਹੋਤਰੀ ਵੱਲੋਂ ਲਿਖੀ ਤੇ ਨਿਰਦੇਸ਼ਿਤ ਫਿਲਮ'ਦਿ ਕਸ਼ਮੀਰ ਫਾਈਲਜ਼' ਵਿੱਚ 1990 ਦੇ ਦਹਾਕੇ ਵਿੱਚ ਕਸ਼ਮੀਰ ਘਾਟੀ ਤੋਂ ਕਸ਼ਮੀਰੀ ਹਿੰਦੂਆਂ ਦੀ ਹਿਜਰਤ ਦਿਖਾਈ ਗਈ ਹੈ।ਨਿਊਜ਼ੀਲੈਂਡ ਦੇ ਇੱਕ ਮੀਡੀਆ ਅਦਾਰੇ ਨੇ ਕੱਲ੍ਹ ਖ਼ਬਰ ਦਿੱਤੀ ਸੀ ਕਿ 24 ਮਾਰਚ ਨੂੰ ਰਿਲੀਜ਼ ਹੋਣ ਵਾਲੀ ਫਿਲਮਬਾਰੇ ਮੁਸਲਿਮ ਭਾਈਚਾਰੇ ਨੇ ਚਿੰਤਾ ਜ਼ਾਹਰ ਕੀਤੀ ਹੈ, ਜਿਸ ਪਿੱਛੋਂ ਦੇਸ਼ ਦੇ ਸੈਂਸਰ ਦੇ ਮੁਖੀ ਡੈਵਿਡ ਸ਼ੈਂਕਸ ਫਿਲਮ ਦੇ ਆਰ ਸਰਟੀਫਿਕੇਟ ਦੀ ਜਾਂਚ ਕਰ ਰਹੇ ਹਨ। ਨਿਊਜ਼ੀਲੈਂਡ ਦੇ ਕਲਾਸੀਫੀਕੇਸ਼ਨ ਦਫ਼ਤਰ ਮੁਤਾਬਕ ਇਹ ਸਰਟੀਫਿਕੇਟ ਇਸ ਲਈ ਜ਼ਰੂਰੀ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚੇ ਕਿਸੇ ਬਾਲਗ ਦੀ ਨਿਗਰਾਨੀ ਬਿਨਾਂ ਫਿਲਮ ਨਹੀਂ ਦੇਖ ਸਕਦੇ। ਮੀਡੀਆ ਸੰਸਥਾ ਨੇ ਕਿਹਾ ਕਿ ਸਰਟੀਫੀਕੇਸ਼ਨ ਦਫ਼ਤਰ ਦੇ ਇਸ ਕਦਮ ਦਾ ਇਹ ਮਤਲਬ ਨਹੀਂ ਕਿ ਏਥੇ ਫਿਲਮ ਉੱਤੇ ਪਾਬੰਦੀ ਲਾਈ ਜਾਣੀ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਗਰੁੱਪ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਮਿਲ ਕੇ ਚਿੰਤਾ ਜਤਾਈ ਹੈ ਕਿ ਫਿਲਮ ਨਾਲ ਮੁਸਲਿਮ ਵਿਰੋਧੀ ਭਾਵਨਾ ਅਤੇ ਨਫ਼ਰਤ ਵਧ ਸਕਦੀ ਹੈ। ਸ਼ੈਂਕਸ ਨੇ ਕਿਹਾ ਕਿ ਸਥਿਤੀ ਗੁੰਝਲਦਾਰ ਹੈ, ਕਿਉਂਕਿ ਮੁਸਲਿਮ ਗਰੁੱਪ ਦੀਆਂ ਚਿੰਤਾਵਾਂ ਫਿਲਮ ਦੀ ਸਕ੍ਰਿਪਟ ਦੀ ਥਾਂ ਫਿਲਮ ਤੋਂ ਬਾਅਦ ਹੋਣ ਵਾਲੀ ਪ੍ਰਤੀਕਿਰਿਆ ਬਾਰੇ ਹਨ।

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
Raj Narang
Ritu Narang
ICCRC
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇਮਿਗਰੇਸ਼ਨ ਸੇਵਾਵਾਂ 10-20% Discount
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਕੁੰਵਰ ਵਿਜੇ ਪ੍ਰਤਾਪ ਵੱਲੋਂ ਵੈੱਬ ਚੈਨਲ ਵਿਰੁੱਧ ਸਪੀਕਰ ਨੂੰ ਸ਼ਿਕਾਇਤ

ਚੰਡੀਗੜ੍ਹ, 20 ਮਾਰਚ, (ਪੋਸਟ ਬਿਊਰੋ)- ਅੰਮ੍ਰਿਤਸਰ ਉੱਤਰੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇੱਕ ਵੈੱਬ ਚੈਨਲ ਦੇ ਵਿਰੁੱਧ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੋਲ ਸ਼ਿਕਾਇਤ ਕਰ ਕੇ ਦਾਅਵਾ ਕੀਤਾ ਹੈ ਕਿ ਉਸ ਚੈਨਲ ਨੇ ਜਾਣਬੁੱਝ ਕੇ ਉਨ੍ਹਾਂ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ।

ਅਸਲ ਵਿੱਚ ਅੱਜ ਐੱਸ ਏ ਐੱਸ ਨਗਰ (ਮੁਹਾਲੀ) ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਮੀਟਿੰਗ ਹੋ ਰਹੀ ਸੀ ਅਤੇ ਓਥੇ ਕੁੰਵਰ ਵਿਜੇ ਪ੍ਰਤਾਪ ਵੀ ਪੁੱਜੇ ਸਨ।ਉਨ੍ਹਾ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਵੈੱਬ ਵੀਡੀਓ ਨੇ ਉਨ੍ਹਾਂ ਨੂੰ ਅਪਮਾਨਿਤ ਕੀਤਾ ਅਤੇ ਜਾਣਬੁੱਝ ਕੇ ਉਸ ਵੀਡੀਓ ਨੂੰ ਵਾਇਰਲ ਕੀਤਾ ਗਿਆ ਹੈ, ਜਿਸ ਵਿੱਚਪੇਸ਼ ਕੀਤਾ ਹੈ, ਜਿਵੇਂ 'ਮੈਂ ਜਾਣਬੁੱਝ ਕੇ ਮੀਟਿੰਗ ਅੱਧ-ਵਾਟੇ ਛੱਡ ਕੇ ਚਲਾ ਹੋਵਾਂ।' ਉਨ੍ਹਾਂ ਕਿਹਾ ਕਿ ਉਹ ਮੀਟਿੰਗ ਖਤਮ ਹੋਣ ਪਿੱਛੋਂ ਗਏ ਸਨ। ਉਨ੍ਹਾਂ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਵੈੱਬ ਚੈਨਲ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ।

*** ਮੈਂ ਅਹੁਦਿਆਂ, ਮੰਤਰਾਲਿਆਂ ਪਿੱਛੇ ਹਿੱਲਣ ਵਾਲਾ ਨਹੀਂ : ਅਮਨ ਅਰੋੜਾ**



ਇਸ ਦੌਰਾਨ ਮੰਤਰੀ ਮੰਡਲ ਤੋਂ ਬਾਹਰ ਰਹਿ ਗਏ ਲਗਾਤਾਰ ਦੂਸਰੀ ਵਾਰ ਵਿਧਾਇਕ ਬਣੇ ਅਮਨ ਅਰੋੜਾ ਸਭ ਤੋਂ ਵੱਧ ਚਰਚਾ ਵਿਚ ਹਨ, ਪਰ ਅਮਨ ਅਰੋੜਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਨਰਾਜ਼ਗੀ ਨਹੀਂ, ਉਹ ਲੋਕਾਂ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਨਾਲ ਅੱਜ ਵੀ ਖੜ੍ਹਾ ਹਾਂ, ਕੱਲ੍ਹ ਵੀ ਖੜੋਵਾਂਗਾ, ਮੈਂ ਅਹੁਦੇ ਤੇ ਮੰਤਰਾਲਿਆਂ ਪਿੱਛੇ ਹਿੱਲਣ ਵਾਲਾ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਅਹੁਦੇ ਦੀ ਲਾਲਸਾ ਨਹੀਂ, ਉਹ ਲਗਾਤਾਰ ਦੂਸਰੀ ਵਾਰ ਵਿਧਾਇਕ ਬਣੇ ਹਨ ਤੇ ਲੋਕਾਂ ਦੀ ਸੇਵਾ ਲਈ ਹਾਜ਼ਰ ਹਨ।ਇਸ ਤੋਂ ਪਹਿਲਾਂ ਕਾਂਗਰਸ ਪਾਰਲੀਮੈਂਟ ਮੈਂਬਰ ਰਵਨੀਤ ਬਿੱਟੂ ਨੇ ਅਮਨ ਅਰੋੜਾ ਨੂੰ ਮੰਤਰੀ ਨਾ ਬਣਾਉਣ ਉਤੇ ਸਵਾਲ ਚੁੱਕੇ ਸਨ। ਇਸ ਬਾਰੇ ਅਮਨ ਅਰੋੜਾ ਨੇ ਆਖਿਆ ਕਿ ਬਿੱਟੂ ਜੀ ਨੇ ਮੈਨੂੰ ਇਸ ਲਾਇਕ ਸਮਝਿਆ, ਮੈਂ ਉਨ੍ਹਾਂ ਦਾ ਧੰਨਵਾਦੀ ਹਾਂ, ਪਰ ਮੈਂ ਆਪਣੇ ਆਪ ਨੂੰ ਅਹੁਦੇ ਦੀ ਦੌੜ ਵਿੱਚ ਨਹੀਂ ਸਮਝਦਾ।

ਦੂਸਰੇ ਪਾਸੇ ਪੰਜਾਬ ਦੀ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਾਰੀਫ ਵਿੱਚ ਕਿਹਾ ਹੈ ਕਿ ਜਿਵੇਂ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ ਵਿੱਚਦਿੱਲੀ ਵਾਲੇ ਨਹੀਂ ਸਨ, ਉਸ ਤੋਂ ਲੱਗਦਾ ਹੈ ਕਿ ਮਾਨ ਸਵੈ-ਸੱਤਾ ਦੇ ਰਾਹ ਪੈ ਗਿਆ ਹੈ। ਜਾਖੜ ਨੇ ਕਿਹਾ ਕਿ 'ਰਿਮੋਟ ਕੰਟਰੋਲ ਨਾਲ ਚੱਲਦੀ ਪੰਜਾਬ ਸਰਕਾਰਤੋਂ ਮੁੱਖ ਮੰਤਰੀ ਆਪਣੀ ਤਾਕਤ ਦਾ ਹੱਕਦਾਰ ਹੈ। ਆਮ ਤੌਰ ਉੱਤੇ ਲੋਕਾਂ ਵਿਚ ਰੁਝਾਨ ਹੈ ਕਿ ਭਾਵੇਂ ਪੰਜਾਬ ਵਿਚ ਆਮ ਆਦਮੀ ਪਾਰਟੀ ਨੇ ਭਾਰੀ ਬਹੁਮਤ ਨਾਲ ਸਰਕਾਰ ਬਣਾਈ ਹੈ, ਪਰ ਦਿੱਲੀ ਦੇ ਮੁੱਖ ਮੰਤਰੀ ਦਾ ਪੰਜਾਬ ਵਿੱਚ ਦਖਲ ਹੈ।'

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਮਝਾਉਣੀਆਂ ਵੀ, ਸਿਖਾਵਤਾਂ ਵੀ

...ਪੰਨਾ 1 ਦਾ ਬਾਕੀ

ਇਹ ਉਹੀ ਪਾਰਟੀ ਹੈ ਅਤੇ ਅਰਵਿੰਦ ਕੇਜਰੀਵਾਲ ਸਾਡੇ ਕੌਮੀ ਕਨਵੀਨਰ ਹਨ।' ਉਨ੍ਹਾ ਕਿਹਾ ਕਿ 'ਪੈਸੇ ਕਮਾ ਕੇ ਕਈ ਚਲੇ ਜਾਂਦੇ ਹਨ, ਪਰ ਕਿਸੇ ਦਾ ਜੀਵਨ ਸੁਧਾਰਨਾ ਹੈ। ਇਕ ਦਸਖਤ ਨਾਲ ਕਿਸੇ ਘਰ ਚੁੱਲ੍ਹੇ ਦੀ ਅੱਗ ਜਲਦੀ ਹੈ, ਕਿਸੇ ਬਜ਼ੁਰਗ ਦੇ ਇਲਾਜ ਦਾ ਪ੍ਰਬੰਧ ਹੁੰਦਾ ਹੈ। ਕਿਸੇ ਬੱਚੇ ਨੂੰ ਕਿਤਾਬ, ਬਸਤਾ ਜਾਂ ਪੜ੍ਹਾਈ ਮਿਲਦੀ ਹੈ ਤਾਂ ਇਸ ਤੋਂ ਵੱਡਾ ਪੁੰਨ ਕੀ ਹੈ।' ਮਾਨ ਨੇ ਕਿਹਾ ਕਿ 'ਬਦਲਾਖੋਰੀ ਨਹੀਂ ਹੋਣੀ ਚਾਹੀਦੀ, ਕੁਝ ਸ਼ਿਕਾਇਤਾਂ ਆਈਆਂ ਹਨ ਕਿ ਸੋਸ਼ਲ ਮੀਡੀਆ ਉੱਤੇ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਜਾ ਰਹੀ ਹੈ, ਇਹ ਸਾਡਾ ਕੰਮ ਨਹੀਂ। ਹਰ ਵਿਧਾਇਕ ਦਾ ਸਰਵੇ ਹੁੰਦਾ ਹੈ। ਇਸੇ ਕਾਰਨਦਿੱਲੀ ਵਿਚ 21-22 ਵਿਧਾਇਕਾਂ ਨੂੰ ਦੋਬਾਰਾ ਟਿਕਟ ਨਹੀਂ ਸੀ ਮਿਲੀ। ਸੀਟ ਪੱਕੀ ਕਰਨੀ ਹੈ ਤਾਂ ਲੋਕਾਂ ਨਾਲ ਪੱਕੀ ਦੋਸਤੀ ਕਰਨੀ ਪਵੇਗੀ।'



ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਆਪਣੀ ਪਾਰਟੀ ਦੇ ਵਿਧਾਇਕਾਂ ਨੂੰ ਪਹਿਲੀ ਵਾਰ ਵੀਡੀਓ ਕਾਨਫ਼ਰੰਸ ਰਾਹੀਂ ਸੰਬੋਧਨ ਕਰਦਿਆਂ ਪਾਰਟੀ ਦੇ ਮੁਖੀਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਖ਼ਤ ਸੰਦੇਸ਼ ਦਿੱਤਾ ਤੇ ਕਈ ਹਦਾਇਤਾਂ ਦਿੱਤੀਆਂ ਹਨ।ਮੁੱਖ ਮੰਤਰੀ ਭਗਵੰਤ ਮਾਨ ਬਾਰੇ ਕੇਜਰੀਵਾਲ ਨੇ ਕਿਹਾ:'ਮਾਨ ਨੂੰ ਸਹੁੰ ਚੁੱਕਿਆਂ ਅਜੇ ਤਿੰਨ ਦਿਨ ਹੋਏ ਹਨ ਤੇ ਉਨ੍ਹਾਂ ਨੇ ਤਿੰਨ ਦਿਨਾਂ ਵਿੱਚ ਵੱਡੇ-ਵੱਡੇ ਫ਼ੈਸਲੇ ਲੈ ਕੇ ਕਮਾਲ ਕਰ ਦਿੱਤੀ ਹੈ। ਨਰਮੇ ਦੀ ਖ਼ਰਾਬ ਫ਼ਸਲ ਦੇ ਪੀੜਤਾਂ ਵਾਸਤੇ ਮੁਆਵਜ਼ਾ ਦੇਣ ਦੇ ਨਾਲ ਪੰਜਾਬ ਵਿੱਚ 25 ਹਜ਼ਾਰ ਨੌਕਰੀਆਂ ਕੱਢਣ ਦਾ ਐਲਾਨ ਕਰਦਿੱਤਾ।' ਕੇਜਰੀਵਾਲ ਨੇ ਕਿਹਾ ਕਿ ਜੋ ਵਿਧਾਇਕ ਮੰਤਰੀ ਨਹੀਂ ਬਣ ਸਕੇ, ਉਹ ਕਿਸੇ ਤੋਂ ਘੱਟ ਨਹੀਂ। ਉਨ੍ਹਾਂ ਕਿਹਾ ਕਿ 'ਪੰਜਾਬ ਦੇ ਲੋਕਾਂ ਨੇ ਇੱਕ-ਇੱਕ ਹੀਰਾ ਚੁਣ ਕੇ ਸਾਨੂੰ ਦਿੱਤਾ ਹੈ। ਪੰਜਾਬ ਦੀ ਤਰੱਕੀ ਲਈ 92 ਵਿਧਾਇਕਾਂ ਦੀ ਮਜ਼ਬੂਤ ਟੀਮ ਜ਼ਰੂਰੀ ਹੈ। ਕੈਬਨਿਟ ਵਿੱਚ 17 ਮੰਤਰੀ ਹੋਣਗੇ। ਟੀਮ ਦਾ ਲੀਡਰ ਮਾਨ ਤੇ ਮੈਂ ਤੁਹਾਡਾ ਵੱਡਾ ਭਰਾ ਹਾਂ।'

ਵਿਧਾਇਕਾਂ ਨੂੰ ਹਦਾਇਤਾਂ ਦੇਂਦਿਆਂ ਕੇਜਰੀਵਾਲ ਨੇ ਕਿਹਾ ਕਿ 'ਕੋਈ ਵਿਧਾਇਕ ਆਪਣੀ ਜਿੱਤ ਦਾ ਹੰਕਾਰ ਨਾ ਕਰੇ। ਤੁਸੀਂ ਕਿਸੇ ਨੂੰ ਨਹੀਂ ਹਰਾਇਆ, ਤੁਹਾਨੂੰ ਜਨਤਾ ਨੇ ਜਿਤ-ਾਇਆ ਹੈ।ਲੋਕਾਂ ਨੇ ਵੱਡੇ-ਵੱਡੇ ਆਗੂ ਹਰਾ ਦਿੱਤੇ।ਅਸੀਂ ਜਨਤਾ ਦਾ ਦਿਲ ਜਿੱਤਣਾ ਹੈ।' ਉਨ੍ਹਾਂ ਕਿਹਾ ਕਿ 'ਘੁਮੰਡੀ ਲੋਕਾਂ ਵਾਂਗ ਕੰਮ ਕੀਤਾ ਤਾਂ ਜਨਤਾ ਤੁਹਾਨੂੰ ਵੀ ਹਰਾ ਦੇਵੇਗੀ। ਜਦੋਂ ਜਨਤਾ ਨਾਰਾਜ਼ ਹੋਵੇ ਤਾਂ ਦੋ ਮਿੰਟਾਂ ਵਿੱਚਮੁੱਖ ਮੰਤਰੀ ਤੇ ਵਿਧਾਇਕ ਨੂੰ ਵੀ ਹਰਾ ਦਿੰਦੀ ਹੈ।' ਉਨ੍ਹਾਂ ਕਿਹਾ ਕਿ 'ਕੋਈ ਵਿਧਾਇਕ ਕਿਸੇ ਨਾਲ ਬਦਤਮੀਜ਼ੀ ਨਾ ਕਰੇ। ਮੈਂ ਕੁਝ ਵੀ ਬਰਦਾਸ਼ਤ ਕਰ ਸਕਦਾ ਹਾਂ, ਪਰ ਬੇਈਮਾਨੀ ਬਰਦਾਸ਼ਤ ਨਹੀਂ ਕਰ ਸਕਦਾ। ਜਨਤਕ ਪੈਸੇ ਦੀ ਚੋਰੀ ਬਰਦਾਸ਼ਤ ਨਹੀਂ ਕਰ ਸਕਦਾ। ਗੜਬੜੀ ਕਰਨ ਵਾਲਿਆਂ ਨੂੰ ਪਾਰਟੀ ਮੌਕਾ ਨਹੀਂ, ਦੁੱਗਣੀ ਸਜ਼ਾ ਦੇਵੇਗੀ।' ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਮੰਤਰੀਆਂ ਨੂੰ ਟਾਰਗੇਟ ਦੇਣਗੇ ਤੇ ਜੇ ਟਾਰਗੇਟ ਪੂਰਾ ਨਾ ਕੀਤਾ ਤਾਂ ਬਦਲਾਓ ਜ਼ਰੂਰੀ ਹੋਵੇਗਾ।ਉਨ੍ਹਾ ਕਿਹਾ:'ਲੋਕਾਂ ਦੇ ਕੰਮ ਕਰਾਉਣੇ ਹੋਣ ਤਾਂ ਜ਼ਰੂਰ ਮੁੱਖ ਮੰਤਰੀ ਨੂੰ ਮਿਲੋ, ਪਰ ਕਿਸੇ ਨੇ ਡਿਪਟੀ ਕਮਿਸ਼ਨਰ ਜਾਂ ਐੱਸ ਪੀ ਦੀ ਪੋਸਟਿੰਗ ਕਰਾਉਣੀ ਹੋਈ ਤਾਂ ਨਹੀਂ ਮਿਲਣਾ। ਬਦਲੀਆਂ ਕਰਾਉਣ ਨੂੰਮੁੱਖ ਮੰਤਰੀ ਕੋਲ ਨਹੀਂ ਜਾਣਾ। ਜੇ ਕੋਈ ਕੰਮ ਵਿੱਚ ਗੜਬੜੀ ਕਰੇ,ਦੱਸੋ। ਜੇ ਮੈਨੂੰ ਪਤਾ ਲੱਗਾ ਕਿ ਕਿਸੇ ਨੇ ਗੜਬੜ ਕੀਤੀ ਹੈ ਤਾਂ ਇਕ ਵੀ ਮੌਕਾ ਨਹੀਂ ਦਿੱਤਾ ਜਾਵੇਗਾ। 92 ਲੋਕਾਂ ਨੇ ਟੀਮ ਵਾਂਗ ਕੰਮ ਕਰਨਾ ਹੈ ਅਤੇ ਲੋਕਾਂ ਨਾਲ ਮਿਲ ਕੇ ਸਿਸਟਮ ਬਦਲਣਾ ਹੈ, ਪੰਜਾਬ ਵਿੱਚ ਮਿਲ ਕੇ ਗ਼ਰੀਬ ਲੋਕਾਂ ਦੇ ਘਰਾਂ ਦੇ ਨਕਸ਼ ਬਦਲਣੇ ਹੋਣਗੇ।'

# ਹਿਜਾਬ ਮਾਮਲਾ: ਅਦਾਲਤੀ ਫੈਸਲਾ ਸੁਣਾਉਣ ਵਾਲੇ ਤਿੰਨੇ ਜੱਜਾਂ ਨੂੰ 'ਵਾਈ' ਕੈਟੇਗਰੀ ਦੀ ਸੁਰੱਖਿਆ ਦਿੱਤੀ ਗਈ

ਨਵੀਂ ਦਿੱਲੀ, 20 ਮਾਰਚ, (ਪੋਸਟ ਬਿਊਰੋ)- ਬਹੁ-ਚਰਚਿਤ ਹਿਜਾਬ ਵਿਵਾਦ ਵਾਲੇ ਕੇਸਵਿੱਚ ਫੈਸਲਾ ਸੁਣਾਉਣ ਵਾਲੇ ਕਰਨਾਟਕ ਹਾਈ ਕੋਰਟ ਦੇ ਤਿੰਨ ਜੱਜਾਂ ਨੂੰ ਵਾਈ ਸ਼੍ਰੇਣੀ ਦੀ ਸੁਰੱਖਿਆਦਿੱਤੀ ਜਾਵੇਗੀ।



ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਇਹ ਐਲਾਨ ਕੀਤਾ ਹੈ ਕਿ ਸਕੂਲਾਂ ਵਿੱਚ ਹਿਜਾਬ ਨਾ ਪਾਉਣ ਦਾ ਕਰਨਾਟਕ ਸਰਕਾਰ ਦਾ ਫੈਸਲਾਸਹੀ ਮੰਨਣ ਵਾਲੇ ਹਾਈ ਕੋਰਟ ਦੇ ਤਿੰਨ ਜੱਜਾਂ ਨੂੰ ਵਾਈ ਸ਼੍ਰੇਣੀ ਦੀ ਸੁਰੱਖਿਆਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਰਾਜ ਦੀ ਪੁਲਸ ਦੇ ਮੁਖੀ ਅਤੇ ਆਈਜੀ ਨੂੰ ਜੱਜਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੀ ਤੇਜ਼ੀ ਨਾਲ ਜਾਂਚ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ, ਫੈਸਲਾ ਕਰਨ ਵਾਲੇ ਜੱਜਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਿਆਂ ਦੇ ਖਿਲਾਫ ਵਿਧਾਨ ਸਭਾ ਥਾਣੇ ਵਿੱਚਸ਼ਿਕਾਇਤ ਦਰਜ ਕਰਵਾਈ ਗਈ ਹੈ।

ਵਰਨਣ ਯੋਗ ਹੈ ਕਿ ਹਿਜਾਬ ਵਿਵਾਦ ਬਾਰੇ ਫੈਸਲਾ ਸੁਣਾਉਣ ਵਾਲੇ ਜੱਜਾਂ ਖਿਲਾਫਕਈ ਰਾਜਾਂ ਵਿੱਚ ਟਿੱਪਣੀਆਂ ਕੀਤੀਆਂ ਗਈਆਂ ਹਨ। ਕਈ ਥਾਈਂ ਵਿਰੋਧ ਪ੍ਰਦਰਸ਼ਨ ਵੀ ਹੋਏ ਹਨ। ਸ਼ਨੀਵਾਰ ਨੂੰ ਇਸ ਕੇਸ ਵਿੱਚ ਤਾਮਿਲਨਾਡੂ ਦੇ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਤਾਮਿਲਨਾਡੂ ਪੁਲਿਸ ਦੇ ਅਨੁਸਾਰ ਕੋਵਈ ਰਹਿਮਤੁੱਲਾ ਨੂੰ ਤਿਰੂਨੇਲਵੇਲੀ ਵਿੱਚਅਤੇ 44 ਸਾਲਾ ਐੱਸ ਜਮਾਲ ਮੁਹੰਮਦ ਉਸਮਾਨੀ ਨੂੰ ਤੰਜਾਵੂਰ ਵਿੱਚਫੜਿਆ ਗਿਆ ਸੀ।ਵਾਇਰਲ ਹੋਈ ਵੀਡੀਓ ਵਿੱਚ ਤਾਮਿਲਨਾਡੂ ਤੌਹੀਦ ਜਮਾਤ (ਟੀਐਨਟੀਜੇ) ਆਡਿਟਿੰਗ ਕਮੇਟੀ ਦਾ ਮੈਂਬਰ ਕੋਵਈ ਰਹਿਮਤੁੱਲਾ ਕਹਿੰਦਾ ਹੈ ਕਿ ਇੱਕ ਗਲਤ ਫੈਸਲਾ ਦੇਣ ਵਾਲਾਜੱਜ ਝਾਰਖੰਡ ਵਿੱਚ ਸਵੇਰ ਦੀ ਸੈਰ ਦੌਰਾਨ ਮਾਰ ਦਿੱਤਾ ਗਿਆ ਸੀ। ਉਨ੍ਹਾਂ ਜੱਜ ਨੂੰ ਅਸਿੱਧੀ ਧਮਕੀ ਦਿੰਦਿਆਂ ਕਿਹਾ ਕਿ ਸਾਡੇ ਸਮਾਜ ਵਿੱਚ ਕੁਝ ਲੋਕ ਭਾਵਨਾਵਾਂ ਵਿੱਚ ਉਲਝੇ ਹੋਏ ਹਨ, ਜੇ ਕਰਨਾਟਕ ਦੇ ਜੱਜਾਂ ਨੂੰ ਕੁਝ ਵੀ ਹੁੰਦਾ ਹੈ ਤਾਂ ਭਾਜਪਾ ਸਾਡੇ ਉੱਤੇ ਦੋਸ਼ ਲਾਉਣ ਲਈ ਤਿਆਰ ਹੈ।

# ਜੰਮੂ-ਕਸ਼ਮੀਰ ਦੇ ਬੈਂਕ ਵਿੱਚ 800 ਕਰੋੜ ਦੀ ਧੋਖਾਧੜੀ!

*** ਸਾਬਕਾ ਚੇਅਰਮੈਨ ਸਮੇਤ 20 ਜਣਿਆਂ ਵਿਰੁੱਧ ਕੇਸ ਦਰਜ**

ਜੰਮੂ, 20 ਮਾਰਚ, (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ ਵਿੱਚ ਕਰੀਬ 1100 ਕਰੋੜ ਰੁਪਏ ਦੇ ਘਪਲੇ ਪਿੱਛੋਂਜੰਮੂ-ਕਸ਼ਮੀਰ ਦੇ ਇੱਕ ਬੈਂਕ ਵਿੱਚ ਕਰੋੜਾਂ ਰੁਪਏ ਦੇ ਘਪਲੇ ਦੀ ਗੱਲ ਨਿਕਲੀ ਹੈ।ਸੀ ਬੀ ਆਈ ਨੇ ਪ੍ਰਸ਼ਾਸਨ ਦੀ ਸ਼ਿਕਾਇਤ ਤੋਂ ਬਾਅਦ ਜੰਮੂ-ਕਸ਼ਮੀਰ ਬੈਂਕ ਦੇ ਸਾਬਕਾ ਚੇਅਰਮੈਨ ਸਣੇ ਕੁੱਲ 20 ਲੋਕਾਂ ਵਿਰੁੱਧ ਕੇਸ ਦਰਜ ਕੀਤਾ ਹੈ। ਇਨ੍ਹਾਂ ਲੋਕਾਂ ਉੱਤੇ ਬੈਂਕ ਨਾਲ 800 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ ਦਾ ਦੋਸ਼ ਹੈ।

ਦਰਜ ਕੀਤੀ ਗਈ ਸ਼ਿਕਾਇਤਵਿੱਚਜੰਮੂ-ਕਸ਼ਮੀਰ ਸਰਕਾਰ ਦੇ 14 ਅਫਸਰ ਸ਼ਾਮਲ ਦੱਸੇ ਗਏ ਹਨ।ਆਰ ਈ ਆਈ ਐਗਰੋ ਲਿਮਟਿਡ ਉੱਤੇ ਇਹ ਕਰਜ਼ਾ ਗੈਰ-ਕਾਨੂੰਨੀ ਤਰੀਕੇ ਨਾਲ ਦੇਣ ਦਾ ਦੋਸ਼ ਹੈ।ਸੀ ਬੀ ਆਈ ਦੀ ਸ਼ਿਕਾਇਤ ਮੁਤਾਬਕ ਇਹ ਕੇਸ 17 ਮਾਰਚ 2022 ਨੂੰ ਦਰਜ ਹੋਇਆ ਸੀ। ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਨੇ ਜੰਮੂ-ਕਸ਼ਮੀਰ ਬੈਂਕ ਨੂੰ 800 ਕਰੋੜ ਦਾ ਚੂਨਾ ਲਾਉਣ ਲਈ ਬੈਂਕ ਦੇ ਸਾਬਕਾ ਚੇਅਰਮੈਨ ਮੁਸ਼ਤਾਕ ਅਹਿਮਦ ਸ਼ੇਖ ਅਤੇ ਸੰਜੇ ਝੁਨਝੁਨਵਾਲਾ ਸਮੇਤ 20 ਲੋਕਾਂਉੱਤੇ ਕੇਸ ਦਰਜ ਕੀਤਾ ਹੈ। ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਬੈਂਕ ਦੇ ਖਿਲਾਫ ਸੀ ਬੀ ਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਕਈ ਕੇਸਾਂ ਦੀ ਜਾਂਚ ਕਰ ਰਹੇ ਹਨ।

ਸੀ ਬੀ ਆਈ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਸ ਘੁਟਾਲੇ ਬਾਰੇਸੀ ਬੀ ਆਈ ਨੂੰ ਸ਼ਿਕਾਇਤ ਦੇ ਕੇ ਦੱਸਿਆ ਸੀ ਕਿ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਨਾਲਇਹ ਕਰਜ਼ਾਆਰ ਈ ਆਈ ਐਗਰੋ ਲਿਮਟਿਡ ਨੂੰ ਦਿੱਤਾ ਗਿਆ, ਜੋ ਫਿਰ ਬੈਂਕ ਨੂੰ ਵਾਪਸ ਨਹੀਂ ਆਇਆ।

ਦਿਲਚਸਪ ਗੱਲ ਹੈ ਕਿ ਇਸ ਕੰਪਨੀ ਦੀ ਕੋਈ ਬਰਾਂਚ ਨਾ ਹੋਣ ਦੇ ਬਾਵਜੂਦ ਜੰਮੂ-ਕਸ਼ਮੀਰ ਬੈਂਕ ਦੀ ਮਹਿਮ ਬਰਾਂਚ ਨੇ ਆਰ ਈ ਆਈ ਐਗਰੋ ਲਿਮਟਿਡ ਨੂੰ 550 ਕਰੋੜ ਦਾ ਕਰਜ਼ਾਦਿੱਤਾ। ਇਸ ਦੇ ਨਾਲ ਵਸੰਤ ਵਿਹਾਰ ਬਰਾਂਚ ਨੇ ਇਸ ਕੰਪਨੀ ਨੂੰ 135 ਕਰੋੜ ਰੁਪਏ ਦਿੱਤੇ ਸਨ। ਦੋਸ਼ ਹੈ ਕਿ ਕਰਜ਼ਾ ਲੈਣ ਲਈ ਸਾਰੇ ਨਿਯਮਾਂ ਛਿੱਕੇ ਟੰਗੇ ਗਏ ਅਤੇ ਇਹ ਕਰਜ਼ਾ ਐਗਰੋ ਲਿਮਟਿਡ ਨੂੰ 2011 ਤੋਂ 2013 ਵਿਚਾਲੇ ਬੈਂਕਿੰਗ ਪ੍ਰਣਾਲੀ ਨਾਲ ਛੇੜਛਾੜ ਕਰਕੇ ਦਿੱਤਾ ਗਿਆ ਅਤੇ 2014 ਵਿੱਚ ਇਸ ਨੂੰ ਐਨਪੀਏ (ਨਾ ਮੁੜਨ ਯੋਗ) ਐਲਾਨ ਕਰ ਦਿੱਤਾ ਗਿਆ ਸੀ।















## ਅੱਜ ਨਾਮਾ

ਭੁੱਖ ਤਾਂ ਡਾਢੀ ਸਰੀਰਕ ਵੀ ਨਹੀਂ ਚੰਗੀ,
ਮਾੜੀ ਉਹਦੇ ਤੋਂ ਅਹੁਦੇ ਦੀ ਭੁੱਖ ਬੇਲੀ।
ਲੱਗਦੀ ਜਦੋਂ ਆਹ ਭੁੱਖ ਆ ਲੀਡਰਾਂ ਨੂੰ,
ਸਾਰੀ ਪਾਰਟੀ ਨੂੰ ਦਿੰਦੀ ਆ ਦੁੱਖ ਬੇਲੀ।
ਜਿਹੜੀ ਪਾਰਟੀ ਵਿੱਚ ਇਹ ਪਵੇ ਉੱਭਰ,
ਦੇਂਦੀ ਰਹਿਣ ਨਹੀਂ ਓਥੇ ਆ ਸੁੱਖ ਬੇਲੀ।
ਅਮਰ ਵੇਲ ਦੇ ਵਾਂਗਰ ਫਿਰ ਵਧੀ ਜਾਵੇ,
ਕਰਦੀ ਗਰਕ ਸਿਆਸਤ ਦੇ ਰੁੱਖ ਬੇਲੀ।
ਤਾਜ਼ਾ ਚਾਅ ਈ ਜਿਨ੍ਹਾਂ ਨੂੰ ਅਹੁਦਿਆਂ ਦਾ,
ਹੋਵੇ ਹਜ਼ਮ ਨਹੀਂ ਬਣੀ ਹੋਈ ਭੱਲ ਬੇਲੀ।
ਸ਼ਾਹ ਮੁਹੰਮਦਾ ਪਹੁੰਚ ਸਮਝਾਏ ਕਿਹੜਾ,
ਜਿੰਨੀ ਅਕਲ ਦੀ ਅਸਲ ਆ ਗੱਲ ਬੇਲੀ।

**ਤੀਸ ਮਾਰ ਖਾਂ**

# ਪਾਕਿ ਮੀਡੀਆ ਮੁਤਾਬਕ ਫ਼ੌਜ ਨੇ ਵੀ ਇਮਰਾਨ ਦਾ ਸਾਥ ਛੱਡਿਆ

***ਓ ਆਈ ਸੀ ਮੀਟਿੰਗ ਪਿੱਛੋਂ ਅਸਤੀਫ਼ਾ ਦੇਣ ਨੂੰ ਕਿਹਾ**



ਇਸਲਾਮਾਬਾਦ, 20 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੀ ਵਿਰੋਧੀ ਧਿਰ ਵੱਲੋਂ ਪੇਸ਼ ਕੀਤੇ ਗਏ ਬੇਭਰੋਸਗੀ ਮਤੇ ਕਾਰਨ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਕੁਰਸੀ ਵੱਡੇ ਸੰਕਟ ਵਿੱਚ ਹੈ ਤੇ ਸਥਿਤੀ ਇਹ ਹੈ ਕਿ ਫੌਜ ਨੇ ਵੀ ਆਪਣੇ ਹੱਥ ਪਿਛਾਂਹ ਖਿੱਚ ਲਏ ਹਨ। ਇੱਕ ਮੀਡੀਆ ਰਿਪੋਰਟ ਅਨੁਸਾਰ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਅਗਵਾਈ ਹੇਠ ਫੌਜ ਦੇ ਉੱਚ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੂੰ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਦੀ ਅਗਲੇ ਹਫਤੇ ਹੋਣ ਵਾਲੀ ਬੈਠਕ ਤੋਂ ਬਾਅਦ ਅਸਤੀਫਾ ਦੇਣ ਲਈ ਕਹਿ ਦਿੱਤਾ ਹੈ। ਇਸ ਨਾਜ਼ਕ ਮੁੱਦੇ ਬਾਰੇ ਪਾਕਿਸਤਾਨੀ ਮੀਡੀਆ ਦੀਆਂ ਰਿਪੋਰਟਾਂ ਵਿੱਚ ਇਹ ਕਿਹਾ ਗਿਆ ਹੈ ਕਿ ਇਮਰਾਨ ਖਾਨ ਨੂੰ ਬਾਹਰ ਕਰਨ ਦਾ ਫੈਸਲਾ ਜਨਰਲ ਬਾਜਵਾ ਤੇ ਤਿੰਨ ਸੀਨੀਅਰ ਲੈਫਟੀਨੈਂਟ ਜਨਰਲਾਂ ਨੇ ਬੈਠਕਵਿੱਚ ਲਿਆ ਸੀ। ਇਹ ਬੈਠਕ ਜਨਰਲ ਬਾਜਵਾ ਅਤੇ ਦੇਸ਼ ਦੇ ਖ਼ੁਫ਼ੀਆ ਅਧਿਕਾਰੀ ਲੈਫਟੀਨੈਂਟ ਜਨਰਲ ਨਦੀਮ ਅੰਜੁਮ ਦੀ ਇਮਰਾਨ ਖਾਨ ਨਾਲ ਮਿਲਣਮਗਰੋਂ ਹੋਈ ਸੀ। ਖਬਰਾਂ ਮੁਤਾਬਕ ਇਸ ਬੈਠਕ ਵਿੱਚ ਫੌਜ ਦੇ ਸੀਨੀਅਰ ਕਮਾਂਡਰਾਂ ਨੇ ਇਮ-ਰਾਨ ਖਾਨ ਨੂੰ ਕੋਈ ਛੋਟ ਨਾ ਦੇਣ ਦਾ ਫੈਸਲਾ ਕੀਤਾ ਸੀ। ਸਥਾਨਕ ਮੀਡੀਆ ਦੀ ਰਿਪੋਰਟਮੁਤਾਬਕ ਪਾਕਿਸਤਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ (ਪੀਟੀ ਆਈ) ਨੂੰ ਆਸ ਸੀ ਕਿ ਇਮ-ਰਾਨ ਦੇ ਕਹੇ ਉੱਤੇਫੌਜ ਦੇ ਸਾਬਕਾ ਮੁਖੀ ਰਾਹੀਲ ਸ਼ਰੀਫ ਵੱਲੋਂ ਜਨਰਲ ਬਾਜਵਾ ਨਾਲ ਬੈਠਕ ਵਿੱਚ ਹੱਲ ਕੱਢ ਕੇ ਸਰਕਾਰ ਬਚਾਈ ਜਾ ਸਕੇਗੀ, ਪਰ ਰਾਹੀਲ ਸ਼ਰੀਫ ਇਸ ਮਿਸ਼ਨ ਵਿੱਚ ਅਸਫਲ ਰਿਹਾ। ਇਮਰਾਨ ਖਾਨ ਖੁਦ ਫੌਜ ਦੀ ਸ਼ਰਨ ਵਿੱਚ ਗਿਆ ਸੀ।ਉਸ ਨੇ ਸ਼ੁੱਕਰਵਾਰ ਨੂੰ ਸਰਕਾਰ ਖਿਲਾਫ ਬੇਭਰੋਸਗੀ ਮਤੇ ਤੋਂ ਪਹਿਲਾਂ ਫੌਜ ਦੇ ਮੁਖੀ ਜਨਰਲ ਬਾਜਵਾ ਨੂੰ ਮਿਲ ਕੇ ਸਿਆਸੀ ਹਾਲਾਤਦੀ ਚਰਚਾ ਕੀਤੀ ਸੀ। ਮੀਡੀਆ ਰਿਪੋਰਟਾਂ ਹਨ ਕਿ ਇਸ ਮੀਟਿੰਗ ਵਿਚਓ ਆਈ ਸੀ ਸਮਾਗਮ, ਬਲੋਚਿ-ਸਤਾਨ ਵਿੱਚ ਚੱਲਦੀ ਗੜਬੜ ਅਤੇ ਇਮ-ਰਾਨ ਖ਼ਾਨ ਵਿਰੁੱਧ ਪੇਸ਼ ਬੇਭਰੋਸਗੀ ਮਤੇਦੀ ਚਰਚਾ ਹੋਈ ਸੀ।ਸਮਝਿਆ ਜਾਂਦਾ ਹੈ ਕਿ ਇਸ ਮੀਟਿੰਗ ਪਿੱਛੇ ਸਰਕਾਰ ਨੂੰ ਬਚਾਉਣ ਦੀ ਕੋਸ਼ਿਸ਼ ਸੀ।ਬੀਤੀ 11 ਮਾਰਚ ਨੂੰ ਇਮਰਾਨ ਖਾਨ ਅਤੇ ਫੌਜ ਵਿਚਾਲੇ ਮਤਭੇਦ ਉੱਭਰ ਪਏ ਸਨ ਅਤੇ ਇਮਰਾਨ ਨੇ ਫੌਜ ਦੇ ਮੁਖੀ ਜਨਰਲ ਬਾਜਵਾ ਦੀ ਵਿਰੋਧੀ ਨੇਤਾਵਾਂ ਖਿਲਾਫ ਅਪਮਾਨਜਨਕ ਭਾਸ਼ਾ ਨਾ ਵਰਤਣ ਦੀ ਸਲਾਹ ਨੂੰ ਰੱਦ ਕਰ ਦਿੱਤਾ ਸੀ।

## ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨਾਂ ਵੱਲੋਂ ਲੀਡਰਸ਼ਿਪ ਦੀ ਸਖ਼ਤ ਆਲੋਚਨਾ

*** ਚੋਣਾਂ ਵਿੱਚ ਸ਼ਰਮਨਾਕ ਹਾਰ ਲਈ ਮੁੱਖ ਆਗੂਆਂ ਨੂੰ ਜ਼ਿੰਮੇਵਾਰ ਕਿਹਾ**

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨਾਂ ਦੀ ਕੱਲ੍ਹ ਇੱਥੇ ਪਾਰਟੀ ਮੁੱਖ ਦਫ਼ਤਰ ਵਿੱਚ ਹੋਈ ਮੀਟਿੰਗ ਵਿੱਚ ਚੋਣ ਨਤੀਜਿਆਂ ਦੀ ਸਮੀਖਿਆ ਕੀਤੀ ਤਾਂ ਇਸ ਮੌਕੇ ਸੀਨੀਅਰ ਲੀਡਰਸ਼ਿਪ ਦੀ ਤਿੱਖੀ ਆਲੋਚਨਾ ਕਰਦੇ ਹੋਏਾਂ ਇਸ ਹਾਰ ਲਈ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ।

ਇਸ ਸੰਬੰਧ ਵਿੱਚ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨਾਂ ਦਾ ਕਹਿਣਾ ਸੀ ਕਿ 2017 ਦੀਆਂ ਚੋਣਾਂ ਦੌਰਾਨ ਪਾਰਟੀ ਨੂੰ ਮਿਲੀ ਸ਼ਰਮਨਾਕ ਹਾਰ ਪਿੱਛੋਂ ਮੁੱਖ ਅਕਾਲੀ ਆਗੂਆਂ ਨੇ ਆਪਣੇ ਕੰਮ-ਢੰਗ ਵਿੱਚ ਤਬਦੀਲੀ ਨਹੀਂ ਲਿਆਂਦੀ ਅਤੇ ਨਾ ਹੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਕੋਈ ਕੰਮ ਕੀਤਾ। ਪਾਰਟੀ ਦਾ ਪੰਥਕ ਅਕਸ ਖ਼ਤਮ ਕਰਨ ਦਾ ਵੀ ਕਈ ਪ੍ਰਧਾਨਾਂ ਨੇ ਦੋਸ਼ ਲਾਇਆ ਅਤੇ ਕਈਆਂ ਨੇ ਬੇਅਦਬੀਆਂ ਦੇ ਮੁੱਦੇਅਤੇ ਡੇਰਾ ਸਿਰਸਾ ਕਾਰਨ ਉਠੇ ਵਿਵਾਦਾਂ ਨੂੰ ਪਾਰਟੀ ਦੇ ਖ਼ਰਾਬ ਹੋਏ ਅਕਸ ਲਈ ਜ਼ਿੰਮੇਵਾਰ ਕਿਹਾ। ਕੁਝ ਨੇ ਪਿਛਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਕੈਪਟਨ ਦੀ ਅਕਾਲੀਆਂ ਨਾਲ ਸਾਂਝ ਦੇ ਚਰਚਿਆਂ ਨੂੰ ਅਕਾਲੀ ਦਲ ਲਈ ਮਾਰੂ ਆਖਿਆ। ਕਈ ਜ਼ਿਲ੍ਹਾ ਪ੍ਰਧਾਨਾਂ ਨੇ ਪਾਰਟੀ ਵਿੱਚ ਨਵੀਂ ਲੀਡਰਸ਼ਿਪ ਅਤੇ ਨਵੇਂ ਚਿਹਰੇ ਅੱਗੇ ਲਿਆਂਦੇ ਜਾਣ ਦੀ ਗੱਲ ਕਹੀ। ਇਸ ਦੇ ਬਾਅਦ ਪਾਰਟੀ ਦਫ਼ਤਰ ਵੱਲੋਂ ਮੀਟਿੰਗ ਜਾਰੀ ਪ੍ਰੈਸ ਨੋਟ ਵਿੱਚ ਇਸ ਦੇ ਉਲਟ ਦਾਅਵਾ ਕੀਤਾ ਗਿਆ ਕਿ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਰੱਦ ਕਰ ਕੇ ਉਨ੍ਹਾਂ ਨੂੰ ਕੰਮ ਕਰਦੇ ਰਹਿਣ ਨੂੰ ਕਿਹਾ ਹੈ। ਦਿਲਚਸਪ ਗੱਲ ਹੈ ਕਿ ਇਸ ਬਿਆਨ ਵਿੱਚ ਕਿਸੇ ਦਾ ਨਾਂਅ ਦਿੱਤੇ ਬਿਨਾਂ ਉਨ੍ਹਾਂ ਵੱਲੋਂ ਕਹੀਆਂ ਗੱਲਾਂ ਦੱਸੀਆਂ ਗਈਆਂ, ਪਰ ਬਾਅਦ ਵਿੱਚਭੇਦ ਖੁੱਲ੍ਹਾ ਕਿ ਅਕਾਲੀ ਦਲ ਦੇ ਦਫ਼ਤਰ ਵੱਲੋਂ ਜਾਰੀ ਕੀਤਾ ਇਹ ਬਿਆਨ ਅਸਲ ਤੱਥਾਂ ਉੱਤੇ ਆਧਾਰਤ ਨਹੀਂ ਸੀ।

ਵਿਧਾਨ ਸਭਾਚੋਣਾਂ ਵਿੱਚ ਅਕਾਲੀ ਦਲ ਦੀ ਸ਼ਰਮਨਾਕ ਹਾਰ ਪਿੱਛੋਂ ਪਾਰਟੀ ਆਗੂਆਂ ਤੇ ਵਰਕਰਾਂ ਵਿੱਚ ਮਾਯੂਸੀ ਅਤੇ ਪਾਰਟੀ ਲੀਡਰਸ਼ਿਪ ਵਿੱਚ ਤਬਦੀਲੀਆਂ ਅਤੇ ਨਵੇਂ ਚਿਹਰੇ ਲਿਆਉਣ ਦੀ ਮੰਗ ਨੂੰ ਪਾਰਟੀ ਹਾਈ ਕਮਾਨ ਕਿਸੇ ਹੱਦ ਤਕ ਪ੍ਰਵਾਨ ਕਰੇ ਜਾਂ ਨਾ, ਪ੍ਰੰਤੂ ਵੇਖਣ ਵਾਲੀ ਗੱਲ ਹੋਵੇਗੀ ਕਿ ਬੀਤੇ ਦਿਨੀਂ ਕੋਰ ਕਮੇਟੀ ਦੀ ਮੀਟਿੰਗ ਪਿੱਛੋਂ ਗੱਲਬਾਤ ਦੌਰਾਨ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਸੀ ਕਿ ਕੋਰ ਕਮੇਟੀ ਵੱਲੋਂ ਪਾਰਟੀ ਦੀ ਹਾਰ ਦੀ ਸਮੀਖਿਆ ਲਈ ਉਚ ਪੱਧਰੀ ਕਮੇਟੀ ਬਣਾਉਣ ਦਾ ਫ਼ੈਸਲਾ ਲਿਆ ਗਿਆ ਹੈ।

## ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ 'ਬਦਤਮੀਜ਼ੀ' ਸ਼ਬਦ ਵਰਤਣ ਦਾ ਰਾਗੀ ਸਿੰਘਾਂ ਵੱਲੋਂ ਸਖ਼ਤ ਨੋਟਿਸ

ਅੰਮ੍ਰਿਤਸਰ, 20 ਮਾਰਚ (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਭੱਦੀ ਸ਼ਬਦਾਵਲੀ (ਬਦਤਮੀਜ਼ੀ) ਸ਼ਬਦ ਵਰਤਣ ਉੱਤੇ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਸਿੰਘਾਂ ਨੇ ਗੰਭੀਰ ਨੋਟਿਸ ਲਿਆ ਤੇ ਜਥੇਦਾਰ ਉੱਤੇ ਹਮਲੇ ਕਰਦਿਆਂ ਅਸਿੱਧੇ ਤੌਰ ਉਤੇ ਅਕਾਲੀ ਬਾਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ ਉਤੇ ਲਿਆ ਹੈ ਅਤੇ ਕਿਹਾ ਕਿ ਇਨ੍ਹਾਂ ਕੁਝ ਬੰਦਿਆਂ ਨੇ ਸਿੱਖੀ ਸਿਧਾਂਤ ਨੂੰ ਢਾਹ ਲਾਈ ਹੈ। ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖਾਂ ਨੇ ਉਨ੍ਹਾਂ ਨੂੰ ਚੋਣਾਂ ਵਿੱਚ ਲੱਕ ਤੋੜ ਹਾਰ ਨਾਲ ਨਕਾਰਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਸ਼੍ਰੋਮਣੀ ਰਾਗੀ ਸਭਾ ਦੇ ਮੁੱਖ ਸੇਵਾਦਾਰ ਭਾਈ ਸਤਨਾਮ ਸਿੰਘ ਕੋਹਾੜਕਾ ਨੇ ਜਥੇਦਾਰ ਨੂੰ ਸਾਫ ਕਿਹਾਕਿ "ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ, ਪਰ ਇਨ੍ਹਾਂ ਨੇ ਕਬਜ਼ਾ ਕਰਕੇ ਸਿੱਖ ਸੰਗਠਨਾਂ ਨੂੰ ਢਾਹ ਲਾਈ ਹੈ, ਜਥੇਦਾਰ ਜੀ, ਤੁਸੀਂ ਕੌਮ ਦੇ ਸਭ ਤੋ ਵੱਡੇ ਅਹੁਦੇ ਉਤੇ ਬਿਰ-ਾਜਮਾਨ ਹੋ, ਤੁਹਾਡੇ ਵੱਲੋਂ ਕੁਝ ਬੰਦਿਆਂ ਦਾ ਪੱਖ ਪੂਰਨਾ ਸੋਭਾ ਨਹੀਂ ਦਿੰਦਾ।ਉਨ੍ਹਾਂ ਕਿਹਾ ਕਿ 'ਬਦਤਮੀਜ਼ੀ' ਸ਼ਬਦ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੀ ਹੈ। ਤੁਸੀਂ ਜਿਸ ਤਖ਼ਤ ਉਤੇ ਖਲੋ ਕੇ ਬੋਲਦੇ ਹੋ, ਉਥੋਂ ਦੀ ਅਵਾਜ਼ ਸ੍ਰੀ ਗੁਰੂ ਹਰਿ-ਗੋਬਿੰਦ ਸਾਹਿਬ ਜੀ ਦਾ ਹੁਕਮ ਮੰਨਿ-ਆ ਜਾਂਦਾ ਹੈ, ਤੁਹਾਨੂੰ ਮਿਠਾਸ ਭਰੇ ਸ਼ਬਦ ਬੋਲਣੇ ਚਾਹੀਦੇ ਹਨ।" ਰਾਗੀ ਸਿੰਘਾਂ ਨੇ ਜਥੇਦਾਰ ਦੀ ਗੈਰ ਹਾਜ਼ਰੀ ਵਿੱਚ ਯਾਦ ਪੱਤਰ ਉਨ੍ਹਾਂ ਦੇ ਦਫ਼ਤਰ ਵਿਖੇ ਦਿੱਤਾ ਅਤੇ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ।

## ਪੈਨਸ਼ਨਰ ਸਾਬਕਾ ਵਿਧਾਇਕਾਂ ਦੀ ਕਤਾਰ ਵਿੱਚ ਅੱਸੀ ਮੈਂਬਰ ਹੋਰ ਜੁੜੇ

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਪੈਨਸ਼ਨ ਲੈਣ ਵਾਲੇ ਸਾਬਕਾ ਵਿਧਾਇਕਾਂ ਦੀ ਕਤਾਰ ਲੰਮੀ ਹੋ ਗਈ ਹੈ, ਜਿਸ ਕਾਰਨ ਸਰਕਾਰੀ ਖਜ਼ਾਨੇ ਉੱਤੇ ਐਤਕੀਂ ਹੋਰ ਬੋਝ ਪਏਗਾ।

ਆਮ ਆਦਮੀ ਪਾਰਟੀ ਦੀ ਹੂੰਝਾ ਫੇਰ ਜਿੱਤ ਨੇ ਪ੍ਰਮੁੱਖ ਸਿਆਸੀ ਨੇਤਾਵਾਂ ਨੂੰ ਸਾਬਕਾ ਵਿਧਾਇਕਾਂ ਦੀ ਕਤਾਰ ਵਿੱਚ ਲਾ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਜੇ ਲੈਂਦੇ ਤਾਂ ਉਹ 5.26 ਲੱਖ ਪ੍ਰਤੀ ਮਹੀਨਾ ਪੈਨਸ਼ਨ ਲੈਣ ਦੇ ਹੱਕਦਾਰ ਬਣ ਗਏ ਸਨ।ਐਤਕੀਂ ਵਿਧਾਨ ਸਭਾ ਜੁੜਨ ਤੋਂ ਪਹਿਲਾਂ ਪੰਜਾਬ ਦੇ 245 ਸਾਬਕਾ ਵਿਧਾਇਕਾਂ ਨੂੰ ਪੈਨਸ਼ਨ ਮਿਲਦੀ ਸੀ। ਇਸ ਵਾਰ ਬਹੁਤੇ ਵਿਧਾਇਕ ਤੇ ਮੰਤਰੀ ਚੋਣਾਂ ਹਾਰ ਜਾਣ ਕਰ ਕੇ ਅੱਸੀ ਨਵੇਂ ਸਾਬਕਾ ਵਿਧਾਇਕਾਂ ਨੂੰ ਪੈਨਸ਼ਨ ਮਿਲਣ ਲੱਗੇਗੀ ਅਤੇ ਕੁੱਲ 325 ਸਾਬਕਾ ਵਿਧਾਇਕਾਂ ਨੂੰ ਪੈਨਸ਼ਨ ਮਿਲੇਗੀ। ਸੂਤਰ ਦੱਸਦੇ ਹਨ ਕਿ ਪਹਿਲੀ ਵਾਰ ਸਾਬਕਾ ਵਿਧਾਇਕਾਂ ਦੀ ਗਿਣਤੀ ਵਧਣ ਕਰ ਕੇ ਪੈਨਸ਼ਨ ਦਾ ਸਾਲਾਨਾ ਬਜਟ ਤੀਹ ਕਰੋੜ ਦੇ ਅੰਕੜੇ ਨੂੰ ਪਾਰ ਕਰ ਜਾਵੇਗਾ।

ਵੱਧ ਪੈਨਸ਼ਨ ਲੈਣ ਦੇ ਪੱਖ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮਗਰੋਂ ਬੀਬੀ ਰਾਜਿੰਦਰ ਕੌਰ ਭੱਠਲ ਹਨ। ਬੀਬੀ ਭੱਠਲ ਤੋਂ ਬਿਨਾ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਤੇ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ ਨੂੰ ਸਾਬਕਾ ਵਿਧਾਇਕਾਂ ਵਾਲੀ ਪੈਨਸ਼ਨਸਭ ਤੋਂ ਵੱਧ ਮਿਲਦੀ ਹੈ। ਬੀਬੀ ਭੱਠਲ ਛੇ ਵਾਰ ਵਿਧਾਇਕ ਬਣੇ ਹਨ, ਜਿਸ ਕਰ ਕੇ ਉਨ੍ਹਾਂ ਨੂੰ 3.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਲਾਲ ਸਿੰਘ ਅਤੇ ਸਰਵਣ ਸਿੰਘ ਫਿਲੌਰ ਵੀ ਛੇ-ਛੇ ਵਾਰ ਵਿਧਾਇਕ ਰਹਿ ਚੁੱਕੇ ਹਨ। ਇਨ੍ਹਾਂ ਨੂੰ ਵੀ ਸਵਾ ਤਿੰਨ-ਤਿੰਨ ਲੱਖ ਰੁਪਏ ਮਹੀਨਾ ਪੈਨਸ਼ਨ ਮਿਲ ਰਹੀ ਹੈ। ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਪੰਜ ਵਾਰ ਵਿਧਾਇਕ ਬਣਨ ਕਰ ਕੇ ਉਨ੍ਹਾਂ ਨੂੰ ਪ੍ਰਤੀ ਮਹੀਨਾ 2.75 ਲੱਖ ਰੁਪਏ ਪੈਨਸ਼ਨ ਮਿਲਦੀ ਹੈ। ਸੁਖਦੇਵ ਸਿੰਘ ਢੀਂਡਸਾ ਵੀ ਖਜ਼ਾਨੇਤੋਂ 2.25 ਲੱਖ ਰੁਪਏ ਪੈਨਸ਼ਨ ਲੈਂਦੇ ਹਨ। ਇਸ ਅਪਰੈਲ ਵੱਚ ਸੁਖਦੇਵ ਸਿੰਘ ਢੀਂਡਸਾ ਅਤੇ ਬਲਵਿੰਦਰ ਸਿੰਘ ਭੂੰਦੜ ਦੀ ਰਾਜ ਸਭਾ ਮੈਂਬਰੀ ਦੀ ਮੁੱਕਣੀ ਹੈ। ਸਾਬਕਾ ਪਾਰਲੀਮੈਂਟ ਮੈਂਬਰ ਬਣਨ ਨਾਲ ਢੀਂਡਸਾ ਅਤੇ ਭੂੰਦੜ ਨੂੰ ਸਾਬਕਾ ਐਮ ਪੀ ਵਾਲੀ ਪੈਨਸ਼ਨ ਵੀ ਮਿਲਣੀ ਸ਼ੁਰੂ ਹੋ ਜਾਵੇਗੀ।

ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਵੀ ਸਵਾ ਦੋ-ਦੋ ਲੱਖ ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ। ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਚੌਥੀ ਵਾਰ ਵਿਧਾਇਕ ਬਣੇ ਹਨ। ਪਹਿਲਾਂ ਉਨ੍ਹਾਂ ਨੂੰ ਤਿੰਨ ਟਰਮਾਂ ਦੀ ਪੌਣੇ ਦੋ ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਸੀ, ਜੋ ਵਿਧਾਇਕ ਬਣਨ ਮਗਰੋਂ ਬੰਦ ਹੋ ਗਈ ਹੈ। ਦੂਸਰੇ ਪਾਸੇ ਪ੍ਰਤਾਪ ਸਿੰਘ ਬਾਜਵਾ ਦੀ ਜਦੋਂ ਅਪਰੈਲ ਵਿੱਚ ਰਾਜ ਸਭਾ ਮੈਂਬਰੀ ਦੀ ਮਿਆਦ ਖਤਮ ਹੋਵੇਗੀ ਤਾਂ ਉਦੋਂ ਸਾਬਕਾ ਐਮ ਪੀ ਵਾਲੀ ਪੈਨਸ਼ਨ ਸ਼ੁਰੂ ਹੋਵੇਗੀ। ਮਿਲੇ ਵੇਰਵੇ ਅਨੁਸਾਰ ਜੋ ਇੱਕ ਵਾਰ ਵਿਧਾਇਕ ਬਣ ਜਾਵੇ, ਉਹ ਸਭ ਭੱਤਿਆਂ ਸਮੇਤ 75,150 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕਦਾਰ ਹੋ ਜਾਂਦਾ ਹੈ। ਦੋ ਵਾਰ ਵਿਧਾਇਕ ਨੂੰ ਤਾਂ ਸਵਾ ਲੱਖ ਰੁਪਏ, ਤਿੰਨ ਵਾਰੀ ਬਣਨ ਉੱਤੇ ਪੌਣੇ ਦੋ ਲੱਖ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕ ਹੁੰਦਾ ਹੈ।

## ਕਿਸਾਨ ਜੱਥੇਬੰਦੀਆਂ ਦੇ ਪਾਟਕ ਕਾਰਨ ਵੱਖੋ-ਵੱਖ ਰਾਹ ਹੋਏ

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਪੰਜਾਬ ਦੀਆਂ ਕਈ ਕਿਸਾਨ ਜਥੇਬੰਦੀਆਂ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਉਮੀਦਵਾਰ ਖੜ੍ਹੇ ਕਰ ਕੇ ਸਰਗਰਮ ਸਿਆਸਤ ਵਿੱਚ ਹਿੱਸਾ ਲੈਣ ਦੇ ਮੁੱਦੇ ਉੱਤੇ ਸਾਂਝਾ ਮੰਚ ਦੋਫਾੜ ਹੋਣ ਨਾਲ ਪੰਜਾਬ ਦੀਆਂ 18 ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਮੀਟਿੰਗ ਕਰ ਕੇ ਲਟਕਦੇ ਕਿਸਾਨੀ ਮਸਲਿਆਂ ਵਾਸਤੇ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ, ਪਰ ਉਸ ਤੋਂ ਪਹਿਲਾਂ ਕਿਸਾਨਾਂ ਦਾ ਏਕਾ ਨਹੀਂ ਰਿਹਾ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਜਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਬੀਤੇ ਸਾਲ ਨੌਂ ਦਸੰਬਰ ਨੂੰ ਰਹਿੰਦੀਆਂ ਮੰਗਾਂ ਬਾਰੇ ਕੀਤੇ ਵਾਅਦੇ ਤੋਂ ਪਿੱਛੇ ਹਟ ਰਹੀ ਹੈ। ਉਨ੍ਹਾਂ ਦੱਸਿਆ ਕਿ ਚਾਰ ਮਾਰਚ ਨੂੰ ਪੰਜਾਬ ਦੇ ਗਵਰਨਰ ਨੂੰ ਦਿੱਤੇ ਮੰਗ ਪੱਤਰ ਦੀ ਪੈਰਵੀ ਵਜੋਂ ਆਗੂਆਂ ਨੇ ਵੱਖ-ਵੱਖ ਰੂਪਾਂ ਵਿੱਚ ਆਪਣਾ ਸੰਘਰਸ਼ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ। ਅੰਦੋਲਨ ਦੇ ਸਮਾਜਕ ਤੇ ਰਾਜਨੀਤਕ ਆਧਾਰ ਨੂੰ ਵੱਡਾ ਕਰਨ ਲਈ ਕਿਸਾਨ ਆਗੂਆਂ ਨੇ 28-29 ਮਾਰਚ ਨੂੰ ਭਾਰਤ ਦੀਆਂ ਟ੍ਰੇਡ ਯੂਨੀਅਨਾਂ ਦੀ ਦੋ ਦਿਨਾਂ ਹੜਤਾਲ ਨੂੰ ਪੂਰਾ ਸਮਰਥਨ ਦੇਣ ਦਾ ਫੈਸਲਾ ਵੀ ਕੀਤਾ ਹੈ। ਸਮੁੱਚੇ ਭਾਰਤ ਵਿੱਚ ਕਿਸਾਨ ਸੰਗਠਨਾਂ ਨੂੰ ਮਜ਼ਬੂਤ ਕਰਨ ਦੇ ਯਤਨਾਂ ਲਈ ਆਗੂਆਂ ਨੇ 31 ਮਾਰਚ ਨੂੰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਸੈਂਕੜੇ ਕਿਸਾਨ ਸੰਗਠਨਾਂ ਦੇ ਆਗੂਆਂ ਨੂੰ ਚੰਡੀਗੜ੍ਹ ਬੁਲਾਉਣ ਦਾ ਫੈਸਲਾ ਕੀਤਾ ਹੈ।

ਦੂਸਰੇ ਪਾਸੇ ਮੀਟਿੰਗ ਵਿੱਚ ਡਾਕਟਰ ਦਰਸ਼ਨ ਪਾਲ ਅਤੇ ਹੋਰ ਆਗੂਆਂ ਨੇ ਮੀਡੀਆ ਨੂੰ ਜਾਰੀ ਕੀਤੇ ਫੁਟ-ਪਾਊ ਬਿਆਨ ਦੀ ਨਿਖੇਧੀ ਕੀਤੀ ਅਤੇ ਦਾਅਵਾ ਕੀਤਾ ਕਿ ਕਿਸਾਨ ਜਥੇਬੰਦੀਆਂ ਆਪਣੇ ਵੱਲੋਂ ਮੋਰਚਾ ਮਜ਼ਬੂਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਕੁਝ ਤਾਕਤਾਂ ਸਰਕਾਰ ਦੇ ਹੱਥਾਂ ਵਿੱਚ ਖੇਡ ਰਹੀਆਂ ਹਨ। ਮੀਟਿੰਗ ਵਿੱਚ ਬਲਬੀਰ ਸਿੰਘ ਰਾਜੇਵਾਲ, ਸਤਨਾਮ ਸਿੰਘ ਅਜਨਾਲਾ, ਰੁਲਦੂ ਸਿੰਘ ਮਾਨਸਾ, ਕੁਲਵੰਤ ਸਿੰਘ ਸੰਧੂ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਹਰਮੀਤ ਸਿੰਘ ਕਾਦੀਆਂ, ਕੁਲਦੀਪ ਸਿੰਘ ਵਜੀਦਪੁਰ, ਫਰਮਾਨ ਸਿੰਘ ਸੰਧੂ, ਬੂਟਾ ਸਿੰਘ ਸ਼ਾਦੀਪੁਰ ਸ਼ਾਮਲ ਸਨ।ਸੰਯੁਕਤ ਕਿਸਾਨ ਮੋਰਚੇ (ਐਸ ਕੇ ਐਮ) ਨੇ ਬੀ ਬੀ ਐਮ ਬੀ (ਭਾਖੜਾ ਬਿਆਸ ਮੈਨੇਜਮੈਂਟ ਬੋਰਡ) ਵਿੱਚੋਂ ਪੰਜਾਬ ਤੇ ਹਰਿਆਣਾ ਦੇ ਨੁਮਾਇੰਦੇ ਹਟਾਏ ਜਾਣ ਦਾ ਵਿਰੋਧ, ਲਖੀਮਪੁਰ ਖੀਰੀ ਘਟਨਾ ਵਿੱਚ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ, ਚੰਡੀਗੜ੍ਹ ਵਿੱਚ ਪੰਜਾਬ ਦੇ ਸਟਾਫ ਦੀ ਸੱਠ ਫੀਸਦੀ ਪ੍ਰਤੀਨਿਧਤਾ ਪੂਰੀ ਕਰਨ ਤੇ ਸਕੂਲਾਂ ਵਿੱਚ ਇਤਿਹਾਸ ਦੀਆਂ ਕਿਤਾਬਾਂ ਨਾਲ ਛੇੜਛਾੜ ਬੰਦ ਕਰਨ।
















# ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਾਪੇ ਕਿਉਂ ਫ਼ਿਕਰਮੰਦ ਹਨ

-ਵਿਜੈ ਗਰਗ-

ਕੁਝ ਸਮਾਂ ਪਹਿਲਾਂ ਤਾਂ ਮਾਪੇ ਆਪਣੇ ਬੱਚਿਆਂ ਨੂੰ ਡਾਕਟਰ, ਇੰਜੀਨੀਅਰ, ਵਕੀਲ ਅਤੇ ਪ੍ਰੋਫੈਸਰ ਆਦਿ ਬਣਾਉਣਾ ਚਾਹੁੰਦੇ ਸਨ। ਕੁਝ ਕੁ ਸਾਲ ਪਹਿਲਾਂ ਤੋਂ ਇਕ ਵੱਖਰੀ ਹੀ ਕਿਸਮ ਦੀ ਹਨ੍ਹੇਰੀ ਝੁੱਲੀ, ਜਿਸ ਨੇ ਸਾਡੇ ਸਮਾਜਿਕ ਅਤੇ ਪਰਿਵਾਰਕ ਜੀਵਨ ਨੂੰ ਬਿਲਕੁਲ ਅੱਡ ਰੂਪ ਰੇਖਾ ਦੇ ਦਿੱਤੀ ਹੈ। ਹੁਣ ਬੱਚਿਆਂ ਦੇ ਨਾਲ-ਨਾਲ ਮਾਪੇ ਵੀ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਸੈੱਕਰਨ ਨੂੰ ਉਤਾਵਲੇ ਨਜ਼ਰ ਆ ਰਹੇ ਹਨ। ਗੱਲ ਕੋਈ ਇਨੀ ਵੀ ਮਾੜੀ ਨਹੀਂ ਪਰ ਕੱਚੀ ਉਮਰੇ ਬੱਚਿਆਂ ਦਾ ਮਾਪਿਆਂ ਨਾਲੋਂ ਵੱਖ ਹੋ ਕੇ ਇਕ ਵੱਖਰੇ ਮਾਹੌਲ ਵਿਚ ਵਿਚਰਨਾ, ਲੋੜ ਤੋਂ ਵੱਧ ਖੁੱਲ੍ਹਾਪਣ ਅਤੇ ਮਾਪਿਆਂ ਵਲੋਂ ਮਾਰਗ ਦਰਸ਼ਨ ਦੀ ਘਾਟ, ਉਨ੍ਹਾਂ ਦੇ ਜੀਵਨ ਦੇ ਇਕ ਮੱਹਤਵਪੂਰਨ ਪੱਖ ਨੂੰ ਸਹੀ ਤਰੀਕੇ ਨਾਲ ਵਿਕਸਿਤ ਹੋਣ ਵਿਚ ਵੱਡਾ ਰੋੜਾ ਬਣਦਾ ਹੈ।

ਇਸ ਲੇਖ ਵਿਚ, ਮੈਂ ਇਸ ਤੱਥ ਨੂੰ ਮੁੱਖ ਰੱਖ ਕੇ ਹੀ ਚਰਚਾ ਕਰਾਂਗੀ। ਸਭ ਤੋਂ ਪਹਿਲਾਂ ਬੱਚਿਆਂ ਅਤੇ ਮਾਪਿਆਂ ਦੇ ਇਸ ਰੁਝਾਨ 'ਤੇ ਪੰਛੀ ਝਾਤ ਮਾਰਨੀ ਜ਼ਰੂਰੀ ਹੈ। ਕੁਝ ਕੁ ਸਾਲਾਂ ਵਿਚ ਆਪਣੇ ਦੇਸ਼ ਦੇ ਢਾਂਚੇ ਵਿਚ ਲੋਹੜੇ ਦਾ ਨਿਘਾਰ ਆਉਣ ਕਾਰਣ ਬੇਰੋਜ਼ਗਾਰੀ, ਗਰੀਬੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਟੰਗ-ਖਿਚਾਈ ਨੇ ਲੋਕਾਂ ਦਾ ਵਿਸ਼ਵਾਸ ਹੀ ਖ਼ਤਮ ਕਰ ਦਿੱਤਾ ਹੈ। ਇਸ ਦੇ ਨਾਲ ਹੀ ਵਿਦੇਸ਼ੀ ਜੀਵਨ ਦੀ ਲੁਭਾਵਨੀ ਖਿੱਚ ਨੇ ਵੀ ਵੱਡਾ ਹਿੱਸਾ ਪਾਇਆ ਹੈ। ਸਾਡੀਆਂ ਸਰਕਾਰਾਂ ਚੰਗੇ ਸ਼ਾਸਨ ਦਾ ਝਾਂਸਾ ਦੇ ਕੇ ਵੋਟਾਂ ਤਾਂ ਲੈ ਲੈਂਦੀਆਂ ਹਨ ਪਰ ਵਿਕਾਸ ਕਾਰਜਾਂ ਵੱਲ ਧਿਆਨ ਨਹੀਂ ਦਿੰਦੀਆਂ, ਜਿਸ ਨਾਲ ਰੋਜ਼ਗਾਰ ਦੇ ਮੌਕੇ ਨਹੀਂ ਪੈਦਾ ਹੁੰਦੇ। ਵਿਦਿਆਰਥੀ ਡਿਗਰੀਆਂ ਲੈ ਕੇ ਛੋਟੀਆਂ ਮੋਟੀਆਂ ਨੌਕਰੀਆਂ ਕਰਨ ਨੂੰ ਮਜਬੂਰ ਹੋ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦਾ ਪਰਿਵਾਰ ਚੱਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਹੀ ਤੰਗੀ ਉਨ੍ਹਾਂ ਨੂੰ ਵਿਦੇਸ਼ਾਂ ਵੱਲ ਧੱਕਦੀ ਹੈ।

ਇਸਦੇ ਨਾਲ-ਨਾਲ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ, ਮੀਡੀਆ ਦੇ ਪਸਾਰੇ ਸਦਕਾ ਅਤੇ ਵਿਦੇਸ਼ ਭੇਜਣ ਵਾਲੇ ਧੰਦੇ ਨਾਲ ਜੁੜੇ ਲੋਕਾਂ ਦੇ ਸਬਜ਼ਬਾਗ ਦਿਖਾਉਣ ਕਾਰਣ ਵੀ ਜ਼ਿਆਦਾਤਰ ਲੋਕ ਪ੍ਰਭਾਵਿਤ ਹੁੰਦੇ ਹਨ। ਏਜੰਟਾਂ ਵਲੋਂ ਵਿਦੇਸ਼ੀ ਐਸ਼ੋ ਆਰਾਮ ਅਤੇ ਮੌਜਾਂ ਦਾ ਗੁਣ ਗਾਨ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਹੈ, ਜਦੋਂਕਿ ਜ਼ਮੀਨੀ ਹਕੀਕਤਾਂ ਜਿਵੇਂ ਘਰ ਦਾ ਸਾਰਾ ਕੰਮ ਆਪ ਕਰਨਾ, ਨੌਕਰੀ ਕਰਨੀ, ਪੜ੍ਹਾਈ, ਪਿੱਛੇ ਘਰ ਦਾ ਧਿਆਨ ਰੱਖਣਾ, ਨਵੇਂ ਮਾਹੌਲ ਵਿਚ ਆਪਣੇ ਆਪ ਨੂੰ ਬਦਲਣਾ ਆਦਿ ਬਿਲਕੁਲ ਵੀ ਨਹੀਂ ਸਮਝਾਇਆ ਜਾਂਦਾ। ਵਿਦੇਸ਼ ਜਾਣ ਲਈ ਮਾਪੇ ਅਤੇ ਬੱਚੇ ਦੋਨੋਂ ਹੀ ਕਿਸੇ ਵੀ ਤਰ੍ਹਾਂ ਦਾ ਜ਼ੋਖਿਮ ਲੈਣ ਨੂੰ ਤਿਆਰ ਰਹਿੰਦੇ ਹਨ, ਫਿਰ ਭਾਵੇਂ ਮੈਕਸੀਕੋ ਵਾਲੀ ਕੰਧ ਟੱਪਣ ਦੀ ਗੱਲ ਹੋਵੇ ਜਾਂ ਕਿਸ਼ਤੀ ਰਾਹੀਂ ਵਿਦੇਸ਼ ਵਿਚ ਦਾਖਲੇ ਦੀ ਗੱਲ ਹੋਵੇ। ਇਨ੍ਹਾਂ ਦੋਨਾਂ ਰਸਤਿਆਂ ਰਾਹੀਂ ਹਜ਼ਾਰਾਂ ਨੌਜਵਾਨ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ। ਮਾਪਿਆਂ ਦੀ ਇਥੇ ਵੱਡੀ ਜ਼ੰਮਿਵਾਰੀ ਬਣਦੀ ਹੈ ਕਿ ਉਹ ਆਪ ਵੀ ਸੰਜ਼ਮ ਤੋਂ ਕੰਮ ਲੈਣ ਅਤੇ ਬੱਚੇ ਨੂੰ ਵੀ ਯੋਗ ਪ੍ਰਣਾਲੀ ਰਾਹੀਂ ਬਾਹਰ ਜਾਣ ਦੀ ਸਿੱਖਿਆ ਦੇਣ, ਭਾਵੇਂ ਸਾਲ ਦੋ ਸਾਲ ਵੱਧ ਹੀ ਕਿਉਂ ਨਾ ਲੱਗ ਜਾਵੇ। ਘੱਟ ਤੋਂ-ਘੱਟ ਕਿਸੇ ਤਰ੍ਹਾਂ ਦਾ ਨਾਂ ਮਾਪਿਆਂ ਨੂੰ ਅਤੇ ਨਾ ਹੀ ਜਾਣ ਵਾਲੇ ਨੂੰ ਧੁੜਕੂ ਰਹੇਗਾ।

ਦੂਸਰੀ ਚੀਜ਼, ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਕੇ ਪੂਰੀ ਤਰ੍ਹਾਂ ਨਿਸ਼ਚਿਤ ਹੋ ਜਾਂਦੇ ਹਨ, ਜਦ ਕਿ ਜ਼ਰੂਰਤ ਇਸ ਤੋਂ ਉਲਟ ਹੈ। ਹਕੀਕਤ ਇਹ ਹੈ ਕਿ ਜਦ ਤੱਕ ਬੱਚਾ ਮਾਤਾ-ਪਿਤਾ ਦੇ ਸਾਹ-ਮਣੇ ਰਹਿੰਦਾ ਹੈ, ਸਹੀ ਰਹਿੰਦਾ ਹੈ। ਉਨ੍ਹਾਂ ਤੋਂ ਓਹਲੇ ਹੋਣ ਜਾਣ 'ਤੇ ਬੱਚਾ ਮਾਪਿਆਂ ਤੋਂ ਬਹੁਤ ਕੁਝ ਛੁਪਾਉਣ ਵੀ ਲੱਗ ਜਾਂਦਾ ਹੈ। ਇਸ ਲਈ ਉਨ੍ਹਾਂ ਲਈ ਇਸ ਹਾਲਾਤ ਨੂੰ ਨਜਿੱਠਣਾ ਹੋਰ ਵੀ ਚੁਨੌਤੀ ਪੂਰਨ ਹੋ ਜਾਂਦਾ ਹੈ। ਸੋ ਇਥੇ ਚੁਨੌਤੀ ਨੂੰ ਸੱਦਾ ਦੇਣਾ ਜ਼ਰੂਰੀ ਹੈ, ਬਜਾਏ ਕਿ ਉਸ ਤੋਂ ਭੱਜਣ ਦੇ। ਇਸੇ ਥਾਂ 'ਤੇ ਮਾਪਿਆਂ ਨੂੰ ਹਾਲਾਤਾਂ ਦੀ ਨਾਜ਼ੁਕਤਾ ਨੂੰ ਸਮਝ ਕੇ ਜ਼ਿਆਦਾ ਚੁਕੰਨੇ ਰਹਿਣ ਦੀ ਅਤੇ ਚੁਨੌਤੀਆਂ ਲੈਣ ਦੀ ਆਦਤ ਪਾ ਲੈਣੀ ਚਾਹੀਦੀ ਹੈ। ਇਸ ਥਾਂ 'ਤੇ ਸੰਤੁਸ਼ਟ ਹੋ ਕੇ ਬੈਠਣ ਦਾ ਮਤਲਬ ਹੈ, ਆਪਣੇ ਬੱਚੇ ਦੀ ਜ਼ੰਦਿਗੀ ਨੂੰ ਪਟਰਿਆਂ ਤੋਂ ਥੱਲੇ ਉਤਾਰਨਾ।

ਮਾਤਾ-ਪਿਤਾ ਦੀ ਇਸ ਸੰਤੁਸ਼ਟੀ ਦਾ ਕਾਰਨ ਸਾਡਾ ਉਹ ਸਮਾਜਿਕ ਵਰਗ ਹੈ, ਜੋ ਸੁਣੀਆਂ-ਸੁਣਾਈਆਂ ਗੱਲਾਂ ਨੂੰ ਚਟਕਾਰੇ ਲਗਾ ਕੇ ਅਤੇ ਵਧਾ ਚੜ੍ਹਾ ਕੇ ਪੇਸ਼ ਕਰਦਾ ਹੈ, ਜਿਸ ਨਾਲ ਉਸ ਦੀ ਰੂਪ-ਰੇਖਾ ਬਦਲ ਜਾਂਦੀ ਹੈ। ਇਹ ਉਹ ਲੋਕ ਹੁੰਦੇ ਹਨ, ਜਿਨ੍ਹਾਂ ਨੇ ਆਪ ਤਾਂ ਵਿਦੇਸ਼ ਦਾ ਮੂੰਹ ਨਹੀਂ ਦੇਖਿਆ ਹੁੰਦਾ ਪਰ ਵਿਦੇਸ਼ ਗਏ ਬੱਚੇ ਦੇ ਮਾਪਿਆਂ ਨੂੰ ਚੰਨ 'ਤੇ ਚੜਾਉਣ ਵਿਚ ਕੋਈ ਕਸਰ ਨਹੀਂ ਛੱਡਦੇ, ਜਿਵੇਂ ਹੁਣ ਤਾਂ ਭਾਈ ਤੇਰੀ ਚਾਂਦੀ ਹੈ, ਬੱਸ ਡਾਲਰ ਆਉਣ ਲੱਗ ਜਾਣਗੇ। ਹੁਣ ਆਹ ਟੁੱਟਾ ਜਿਹਾ ਘਰ ਛੱਡ ਕੇ, ਦੋ ਮੰਜ਼ਲਿਾਂ ਕੋਠੀ ਬਣਾ ਲੈ ਨਾਲੇ ਵੱਡੀ ਸਾਰੀ ਗੱਡੀ ਵਿਹੜੇ 'ਚ ਖੜ੍ਹੀ ਕਰ ਲੈ। ਹੁਣ ਤਾਂ ਤੈਨੂੰ ਕੰਮ ਕਰਨ ਦੀ ਵੀ ਲੋੜ ਨਹੀਂ, ਠਾਠ ਨਾਲ ਚਿੱਟੇ ਕੱਪੜੇ ਪਾ ਕੇ ਗੱਡੀ ਦੇ ਝੂਟੇ ਲੈਅ। ਉਹ ਫਲਾਣੇ ਦਾ ਮੁੰਡਾ ਬਾਹਰ ਗਿਆ ਸੀ, ਤਿੰਨ ਮਹੀਨਿਆਂ ਵਿਚ ਹੀ ਉਨ੍ਹਾਂ ਨੇ ਸ਼ਹਿਰ ਵਿਚ ਕੋਠੀ ਅਤੇ ਕਾਰ ਲੈ ਲਈ ਸੀ। ਅਜਿਹੀਆਂ ਗੱਲਾਂ ਸੁਣ ਕੇ ਭੋਲੇ-ਭਾਲੇ ਮਾਪੇ ਆਪਣੇ ਬੱਚੇ 'ਤੇ ਪੈਸੇ ਭੇਜਣ ਦਾ ਦਬਾਅ ਪਾਉਣ ਲੱਗ ਜਾਂਦੇ ਹਨ, ਭਾਂਵੇ ਉਹ ਵਿਚਾਰਾ ਪੜ੍ਹਾਈ ਵਾਲੇ ਵੀਜੇ 'ਤੇ ਗਿਆ ਹੋਵੇ। ਪੜ੍ਹਾਈ, ਘਰ ਦੇ ਕਿਰਾਏ, ਪਾਰਟ ਟਾਈਮ ਜੌਬ ਦੇ ਨਾਲ-ਨਾਲ ਹੋਰ ਛੋਟੀਆਂ ਵੱਡੀਆਂ ਸਮੱਸਿਆਵਾਂ ਨਾਲ ਦੋ ਚਾਰ ਹੋ ਰਿਹਾ ਹੋਵੇਗਾ।

ਅਜਿਹੇ ਵਕਤ ਮਾਪਿਆਂ ਨੂੰ ਸੂਝ-ਬੂਝ ਤੋਂ ਕੰਮ ਲੈ ਕੇ ਬੱਚੇ ਨੂੰ ਭਾਵਨਾਤਮਿਕ ਸਹਾਰੇ ਦੇ ਨਾਲ-ਨਾਲ ਪੜ੍ਹਾਈ ਵੱਲ ਧਿਆਨ ਦੇਣ 'ਤੇ ਜੀਅ ਲਾਉਣ ਲਈ ਕਹਿਣਾ ਚਾਹੀਦਾ ਹੈ। ਹੱਲਾ ਸ਼ੇਰੀ ਦਿੰਦੇ ਹੋਏ ਪੈਸੇ ਦੇ ਪਿੱਛੇ ਅਤੇ ਘਰ ਦੀ ਫ਼ਕਿਰ ਨਾ ਕਰਨ ਦੀ ਸਲਾਹ ਦੇਣੀ ਚਾਹੀਦੀ ਹੈ। ਭੁੱਲ ਕੇ ਵੀ ਫੋਨ ਆਦਿ 'ਤੇ ਮਨ ਹਲਕਾ ਨਹੀਂ ਕਰਨਾ ਚਾਹੀਦਾ, ਸਗੋਂ ਚੜ੍ਹਦੀ ਕਲਾ ਦੀਆਂ ਗੱਲਾਂ, ਜਿਵੇਂ ਇਸ ਵਾਰ ਫਸਲ ਬੜੀ ਵਧੀਆ ਹੋਈ ਹੈ, ਤੇਰੀ ਮੰਮੀ ਦੀਆਂ ਰਿਪੋਰਟਾਂ ਠੀਕ ਆਈਆਂ ਨੇ, ਤੇਰੀ ਭੈਣ ਜਾਂ ਭਰਾ ਆਪਣੀ ਕਲਾਸ ਵਿਚੋਂ ਪਹਿਲੇ ਦਰਜੇ 'ਤੇ ਰਿਹਾ ਹੈ, ਵਗ਼ੈਰਾ ਵਗ਼ੈਰਾ। ਪੈਸਿਆਂ ਦੇ ਸੰਬੰਧ ਵਿਚ ਮੰਗਣ ਦੀ ਬਜਾਏ ਕਹਿਣਾ ਚਾਹੀਦਾ ਹੈ ਕਿ ਪੈਸਿਆਂ ਵਲੋਂ ਤੰਗ ਨਾ ਹੋਵੀਂ, ਲੋੜ ਪਈ ਤਾਂ ਅਸੀਂ ਹੋਰ ਭੇਜ ਦੇਵਾਂਗੇ। ਜਦੋਂ ਚੰਗੀ ਤਰ੍ਹਾਂ ਕਮਾਉਣ ਲੱਗ ਜਾਵੇਗਾ, ਸਾਰਾ ਕਰਜ਼ਾ ਆਪੇ ਉੱਤਰ ਜਾਵੇਗਾ। ਇਸ ਦੇ ਨਾਲ ਹੀ ਵੀਡੀਓ ਕਾਲ ਵਗ਼ੈਰਾ 'ਤੇ ਵੀ ਗੱਲ ਕਰਨ ਨਾਲ ਹਜ਼ਾਰਾਂ ਮੀਲ ਦੂਰ ਬੈਠੇ ਬੱਚੇ ਨੂੰ ਦੂਰੀ ਦਾ ਅਹਿਸਾਸ ਵੀ ਨਹੀਂ ਹੁੰਦਾ। ਇਸ ਤਰ੍ਹਾਂ ਆਪਾਂ ਚੁਨੌਤੀ ਦੀ ਅਗਲੀ ਪੌੜੀ ਚੜ੍ਹਨ ਦੇ ਯੋਗ ਹੋ ਜਾਂਦੇ ਹਾਂ।

ਹੁਣ ਜਦੋਂ ਬੱਚਾ ਥੋੜਾ ਸੈੱਟ ਹੋਣ ਲੱਗ ਜਾਂਦਾ ਹੈ ਤਾਂ ਵੀ ਉਸ ਨਾਲ ਛੋਟੀਆਂ-ਛੋਟੀਆਂ ਗੱਲਾਂ ਕਰਕੇ ਜੁੜੇ ਰਹਿਣਾ ਚਾਹੀਦਾ ਹੈ, ਜਿਵੇਂ, ਅੱਜ ਕਿਹੜੀ ਸਬਜ਼ੀ ਬਣਾਈ, ਠੰਡ ਕਿੰਨੀ ਕੁ ਹੈ। ਕੱਲ ਵੀਡੀਓ ਕਾਲ ਕਰਕੇ ਆਪਣਾ ਘਰ ਦਿਖਾਵੀਂ, ਲਾਲ ਸਵੈਟਰ ਅਤੇ ਕਾਲੀ ਜੀਂਸ ਨਾਲ ਕੈਪ ਵੀ ਦਿਖਾਈਂ। ਇਸ ਨਾਲ ਬੱਚਾ ਕੱਪੜੇ ਪਾਉਣ ਵਿਚ ਅਤੇ ਘਰ ਦੀ ਸਫ਼ਾਈ ਵਿਚ ਅਣਗਹਿਲੀ ਨਹੀਂ ਕਰੇਗਾ। ਖਾਣੇ ਦਾ ਕੀ ਹਿਸਾਬ ਹੈ, ਰੋਟੀ ਖਾਣ ਲੱਗੇ ਹੱਥ ਧੋਂਦੇ ਹੋ ? ਕਿੰਨੀ ਵਾਰੀ ਅਤੇ ਖਾਣੇ ਵਿਚ ਕੀ-ਕੀ ਖਾਂਦੇ ਹੋ। ਰੋਜ਼ ਨਹਾਇਆ ਜਾਂਦਾ ਹੈ ਕਿ ਨਹੀਂ, ਕੱਪੜੇ ਕਿਵੇਂ ਧੋਤੇ ਅਤੇ ਪ੍ਰੈੱਸ ਕੀਤੇ ਜਾਂਦੇ ਹਨ ? ਦੋਸਤ ਕਿੰਨੇ ਕੁ ਬਣਾ ਲਏ ? ਅਤੇ ਆਨੇ-ਬਹਾਨੇ ਉਨ੍ਹਾਂ ਦੇ ਫੋਨ ਨੰਬਰ ਵੀ ਹਾਸਿਲ ਕਰ ਕੇ ਕਦੇ-ਕਦੇ ਹਾਲ-ਚਾਲ ਪੁੱਛਣ ਬਹਾਨੇ, ਉਨ੍ਹਾਂ ਨਾਲ ਵੀ ਗੱਲ ਕਰ ਲੈਣੀ ਚਾਹੀਦੀ ਹੈ। ਇਨਾਂ ਸਾਰੀਆਂ ਚੀਜ਼ਾਂ ਨਾਲ ਬੱਚਾ ਗਲਤ ਪਾਸੇ ਜਾਣ ਤੋਂ ਝਿਜਕੇਗਾ। ਇਸ ਤਰਾਂ ਲੋੜ ਅਨੁਸਾਰ ਅਸੀਂ ਉਸ ਨੂੰ ਸਹੀ ਸਲਾਹ ਵੀ ਦੇ ਸਕਾਂਗੇ ਅਤੇ ਬੱਚੇ ਨੂੰ ਇਕੱਲੇਪਨ ਦਾ ਵੀ ਅਹਿਸਾਸ ਨਹੀਂ ਹੋਵੇਗਾ।

ਆਮ ਤੌਰ 'ਤੇ ਬੱਚਿਆਂ ਨੂੰ ਉਮਰ ਅਨੁਸਾਰ ਤਜਰਬੇ ਦੀ ਕਮੀਂ ਹੁੰਦੀ ਹੈ, ਜਿਸ ਸਮੇਂ ਉਹ ਵਿਦੇਸ਼ ਪੜ੍ਹਾਈ ਲਈ ਜਾਂਦੇ ਹਨ। ਸੁਭਾਅ ਵਿਚ ਤੇਜ਼ੀ ਅਤੇ ਗੁੱਸਾ ਇਸ ਉਮਰ ਵਿਚ ਆਮ ਗੱਲ ਹੁੰਦੀ ਹੈ। ਬੱਚੇ ਛੋਟੀ-ਛੋਟੀ ਗੱਲ 'ਤੇ ਮਾਰਨ-ਮਰਾਉਣ 'ਤੇ ਉਤਾਰੂ ਹੋ ਜਾਂਦੇ ਹਨ। ਲੜਕੇ-ਲੜਕੀਆਂ ਦੇ ਪ੍ਰੇਮ ਸੰਬੰਧ ਵੀ ਇਕ ਆਮ ਗੱਲ ਹੈ।



ਅਜਿਹੇ ਹਾਲਾਤਾਂ ਵਿਚ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਸ਼ਾਂਤ ਅਤੇ ਲੜਾਈ ਝਗੜੇ ਤੋਂ ਦੂਰ ਰਹਿਣ ਦੀ ਸਲਾਹ ਦੇਣ ਦੇ ਨਾਲ-ਨਾਲ ਦੋਸਤਾਂ ਨਾਲ ਰਵੱਈਆ ਬਣਾਈ ਰੱਖਣਾ ਚਾਹੀਦਾ। ਪਿਆਰ ਮੁਹੱਬਤ ਦੇ ਸੰਬੰਧਾਂ ਵਿਚ ਹੋਰ ਕੁਝ ਤਾਂ ਕੀਤਾ ਨਹੀਂ ਜਾ ਸਕਦਾ, ਬੱਸ ਚੰਗਾ ਸਾਥੀ ਲੱਭਣ 'ਤੇ ਵਫ਼ਾਦਾਰੀ ਦੀ ਸਿੱਖਿਆ ਦੇਣੀ ਚਾਹੀਦੀ ਹੈ।

ਵਿਦੇਸ਼ ਵਿਚ ਰਹਿੰਦਿਆਂ ਜਦੋਂ ਮਾਤਾ-ਪਿਤਾ ਨਾਲ ਰੋਜ਼ਾਨਾ ਦਾ ਸੰਬੰਧ ਅਤੇ ਵਾਰਤਾਲਾਪ ਵਾਲਾ ਮਾਹੌਲ ਟੁੱਟ ਜਾਂਦਾ ਹੈ ਤਾਂ ਲੜਾਈ ਝਗੜੇ ਤੋਂ ਵੱਧ ਬਹੁਤ ਕੁਝ ਵਾਪਰਨ ਦੀ ਸੰਭਾਵਨਾ ਬਣ ਜਾਂਦੀ ਹੈ। ਜਿਵੇਂ ਪਿਆਰ ਮੁਹੱਬਤ ਵਿਚ ਬੇਵਫ਼ਾਈ ਦੇ ਚਲਦੇ ਅਪਰਾਧ, ਇਥੋਂ ਤੱਕ ਕਿ ਕਤਲ ਆਦਿ 'ਤੇ ਜੇਲ ਤੱਕ ਦੀ ਨੌਬਤ ਆਉਣਾ। ਇਸ ਤੋਂ ਇਲਾਵਾ ਓਵਰ ਸਪੀਡਿੰਗ, ਡਾਈਵਿੰਗ, ਬੰਜੀ ਜੰਪਿੰਗ ਜਿਹੇ ਅਨੇਕਾਂ ਜਾਨ ਦੇ ਜ਼ੋਖਿਮ ਵਾਲੇ ਕੌਤਕ ਵੀ ਬੱਚਿਆਂ ਨੂੰ ਖ਼ਤਰੇ ਵਿਚ ਪਾਉਂਦੇ ਹਨ। ਮਾਂ-ਬਾਪ ਦਾ ਸਾਥ ਅਜਿਹੀਆਂ ਬਹੁਤ ਸਾਰੀਆਂ ਦੁੱਖਦਾਈ ਘਟਨਾਵਾਂ ਤੋਂ ਬਚਾ ਕੇ ਵੱਡੇ ਘਾਟੇ ਪੈਣ ਤੋਂ ਰੋਕ ਸਕਦਾ ਹੈ।

ਇਸ ਸਬੰਧੀ ਨਿਊਜ਼ੀਲੈਂਡ ਵਿਚ ਵਾਪਰੀਆਂ ਤਿੰਨ ਘਟਨਾਵਾਂ ਦਾ ਸੰਖੇਪ ਵਿਚ ਵਰਣਨ ਕਰਨਾ ਜ਼ਰੂਰੀ ਸਮਝਦੀ ਹਾਂ ਤਾਂ ਕਿ ਅਜਿਹੀਆਂ ਦੁੱਖਦਾਈ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਪਹਿਲੀ ਘਟਨਾ ਹੈ, ਚਾਰ ਦੋਸਤ ਆਪਣੀ ਗੱਡੀ 'ਤੇ ਸਮੁੰਦਰੀ ਤੱਟ ਨਾਲ ਬਣੀ ਸੜਕ 'ਤੇ ਘੁੰਮਣ ਫਿਰਨ ਜਾ ਰਹੇ ਸਨ। ਰਾਤ ਦਾ ਸਮਾਂ ਹੋਣ 'ਤੇ ਗੱਡੀ ਦੀ ਰਫ਼ਤਾਰ ਜ਼ਿਆਦਾ ਹੋਣ ਕਾਰਨ, ਕਾਬੂ ਤੋਂ ਬਾਹਰ ਤੇ ਗੱਡੀ ਸਮੁੰਦਰ ਵਿਚ ਜਾ ਸਮਾਈ। ਚਾਰ ਮਹੀਨੇ ਬੀਤ ਜਾਣ 'ਤੇ ਸਮੁੰਦਰ ਦਾ ਪਾਣੀ ਉਤਰਣ 'ਤੇ ਗੱਡੀ ਨਜ਼ਰ ਆਈ। ਪ੍ਰਸ਼ਾਸਨ ਦੁਆਰਾ ਬਾਹਰ ਕੱਢੀ ਤਾਂ ਪਤਾ ਚੱਲਿਆ ਪੰਜਾਬੀ ਲੜਕਿਆਂ ਦੀਆਂ ਲਾਸ਼ਾਂ, ਜੋ ਚੁੱਕੀ ਤਰ੍ਹਾਂ ਦੇ ਨਾਲ ਗਲ-ਸੜ ਚੁੱਕੀਆਂ ਸਨ, ਬਾਹਰ ਕੱਢੀਆਂ ਗਈਆਂ। ਜਿਨਾਂ ਵਿਚੋਂ ਕੁਝ ਵਿਦਿਆਰਥੀ ਤੇ ਕੁਝ ਕੰਮਕਾਜੀ ਲੜਕੇ ਸਨ। ਜ਼ਰਾ ਸੋਚੋ ਉਨ੍ਹਾਂ ਮਾਂ ਬਾਪ ਦਾ ਕੀ ਹਾਲ ਹੋਵੇਗਾ, ਜਿਨਾਂ ਦੀ ਜਿੰਦ-ਜਾਨ ਅਤੇ ਖ਼ਾਬਾਂ ਦੇ ਸ਼ਹਿਜ਼ਾਦੇ ਇਸ ਤਰ੍ਹਾਂ ਜਹਾਨ ਨੂੰ ਅਲਵਿਦਾ ਕਹਿ ਗਏ ਹੋਣਗੇ।

ਦੂਸਰੀ ਘਟਨਾ ਦਿਨ ਦਿਹਾੜੇ ਸੜਕੀ ਦੁਰਘਟਨਾ ਦੀ ਹੈ, ਜਿਸ ਵਿਚ 4 ਲੜਕੇ, ਆਪਣੀ ਕਾਰ ਸੜਕ ਦੀ ਦੱਸੀ ਗਈ ਰਫ਼ਤਾਰ ਨਾਲੋਂ ਦੋ ਗੁਣੀ ਤੇਜੀ ਨਾਲ ਉਲਟ ਪਾਸੇ ਚਲਾ ਰਹੇ ਸਨ। ਇਸ ਦੌਰਾਨ ਅਚਾਨਕ ਸਾਹਮਣਿਉਂ ਆਉਂਦੀ ਕਾਰ ਨਾਲ ਸਿੱਧੀ ਟੱਕਰ ਹੁੰਦੀ ਹੈ ਅਤੇ ਉਨ੍ਹਾਂ ਵਿਚੋਂ ਤਿੰਨਾਂ ਦੀ ਥਾਂ 'ਤੇ ਹੀ ਮੌਤ ਹੋ ਜਾਂਦੀ ਹੈ ਅਤੇ ਚੌਥਾ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਜਾਂਦਾ ਹੈ।

ਤੀਸਰੀ ਘਟਨਾ ਕੋਈ ਇਕ ਨਹੀਂ, ਸਗੋਂ ਅਕਸਰ ਵਾਪਰਣ ਵਾਲੀਆਂ ਘਟਨਾਵਾਂ ਵਿਚੋਂ ਇਕ ਹੈ। ਅਜਿਹੀਆਂ ਘਟਨਾਵਾਂ ਉਨ੍ਹਾਂ ਦੇਸ਼ਾਂ ਵਿਚ ਵਾਪਰਦੀਆਂ ਹਨ, ਜਿਨ੍ਹਾਂ ਦੀ ਸੀਮਾ ਸਮੁੰਦਰੀ ਤੱਟ ਨਾਲ ਲੱਗਦੀ ਹੈ। ਜ਼ਕਿਰਯੋਗ ਹੈ ਕਿ ਨਿਊਜ਼ੀਲੈਂਡ ਇਕ ਟਾਪੂ ਨੁਮਾ ਦੇਸ਼ ਹੈ, ਜਿਸ ਦੇ ਚਾਰੇ ਪਾਸੇ ਸਮੁੰਦਰ ਹੈ। ਮੌਜ-ਮਸਤੀ ਦੇ ਦੌਰ ਵਿਚ ਬੱਚੇ ਕਿਸੇ ਚੇਤਾਵਨੀ ਜਾਂ ਕਿਸੇ ਦੇ ਕਹਿਣੇ ਨੂੰ ਅਨਸੁਣਾ ਕਰਕੇ ਜੀਨਸ ਸਮੇਤ ਪਾਣੀ ਵਿਚ ਤਹਿ ਦੂਰੀ ਤੋਂ ਅੱਗੇ ਨਿਕਲ ਜਾਂਦੇ ਹਨ। ਇਥੇ ਪਹੁੰਚ ਕੇ ਜੀਨਸ ਪਾਣੀ ਨਾਲ ਇੰਨੀਆ ਭਾਰੀਆਂ ਹੋ ਜਾਂਦੀਆਂ ਹਨ ਕਿ ਤੁਰਨਾ ਮੁਸ਼ਕਲ ਹੋ ਜਾਂਦਾ ਹੈ। ਇਸੇ ਸਮੇਂ ਪਾਣੀ ਦੀਆਂ ਤਾਕਤਵਰ ਲਹਿਰਾਂ ਆਉਂਦੀਆਂ ਅਤੇ ਆਪਣੇ ਨਾਲ ਵਹਾ ਕੇ ਲੈ ਜਾਂਦੀਆਂ ਹਨ। ਇਸ ਤਰਾਂ ਦੀਆਂ ਘਟਨਾਵਾਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਹੁੰਦੀਆਂ ਹਨ ਅਤੇ ਦੁੱਖ ਦੀ ਗੱਲ ਇਹ ਹੈ ਕਿ ਇਨਾਂ ਵਿਚ ਜ਼ਿਆਦਾਤਰ ਪੰਜਾਬੀ ਬੱਚੇ ਹੁੰਦੇ ਹਨ। ਹੁਣ ਇਹ ਸਭ ਕੁਝ ਬਿਆਨ ਕਰਨ ਦਾ ਮੇਰਾ ਸਿੱਧਾ ਨਿਸ਼ਾਨਾ ਮਾਤਾ-ਪਿਤਾ ਵੱਲ ਹੈ। ਅਜਿਹੀਆਂ ਦੁਰਘਟਨਾਵਾਂ ਦੇ ਸ਼ਿਕਾਰ ਜ਼ਿਆਦਾ ਤਰ ਉਹੀ ਬੱਚੇ ਹੁੰਦੇ ਹਨ, ਜਿਨ੍ਹਾਂ ਦੇ ਮਾਤਾ-ਪਿਤਾ ਉਨ੍ਹਾਂ ਨਾਲ ਜੁੜੇ ਨਹੀਂ ਹੁੰਦੇ। ਸਮੇਂ-ਸਮੇਂ 'ਤੇ ਲੋੜ ਅਨੁਸਾਰ ਉਨ੍ਹਾਂ ਨੂੰ ਸਹੀ ਮਾਰਗ ਦਰਸ਼ਨ ਨਹੀਂ ਮਿਲਿਆ ਹੁੰਦਾ। ਅਖੀਰ ਵਿਚ ਮਾਪਿਆਂ ਨੂੰ ਹੱਥ ਬੰਨ੍ਹ ਕੇ ਇਹੀ ਬੇਨਤੀ ਕਰਾਂਗੀ ਕਿ ਆਪਣੇ ਅੱਖਾਂ ਦੇ ਤਾਰੇ, ਜਿਨਾਂ ਲਈ ਅਸੀਂ ਜਾਨ ਤੱਕ ਵਾਰਨ ਨੂੰ ਤਿਆਰ ਰਹਿੰਦੇ ਹਾਂ, ਦਿਨ ਰਾਤ ਦੁਆਵਾਂ ਮੰਗਦੇ ਹਾਂ, ਲੱਖਾਂ ਸੁਪਨੇ ਸੰਜੋਏ ਹੁੰਦੇ ਹਨ, ਉਨ੍ਹਾਂ ਦੀ ਅਰਥੀ ਆਪਣੇ ਹੱਥੀਂ ਸਜਾਉਣ ਦੀ ਬਜਾਏ ਜ਼ੰਦਿਗੀ ਦੇ ਕੁਝ ਪਲ ਉਨ੍ਹਾਂ ਨੂੰ ਦੇ ਦਈਏ, ਤਾਂ ਅਜਿਹਾ ਵਕਤ ਸਾਨੂੰ ਕਦੇ ਨਾ ਦੇਖਣਾ ਪਵੇ।


ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਜ਼ਿੰਦਗੀ ਨੂੰ ਮੌਤ ਦੀਆਂ ਜ਼ੰਜੀਰਾਂ ਵਿੱਚੋਂ ਛੁਡਾ ਲਵੋ...

-ਸ਼ਵਿੰਦਰ ਕੌਰ-

ਜੰਗ ਸਿਰਫ ਤਬਾਹੀ ਲੈ ਕੇ ਆਉਂਦੀ ਹੈ। ਕੁਦਰਤੀ ਸਾਧਨਾਂ, ਮਨੁੱਖੀ ਕਿਰਤ ਦੁਆਰਾ ਉਸਾਰੇ ਵੱਖ ਵੱਖ ਤਰ੍ਹਾਂ ਦੇ ਰਹਿਣ-ਸਹਿਣ ਲਈ ਅਤੇ ਜ਼ਿੰਦਗੀ ਲਈ ਲੋੜੀਂਦੇ ਸਾਧਨ ਸਭ ਮਲੀਆਮੇਟ ਕਰ ਦਿੰਦੀ ਹੈ। ਅੱਜ ਜੋ ਜ਼ਿੰਦਗੀ ਕਣ ਕਣ ਵਿੱਚ ਧੜਕ ਰਹੀ ਹੁੰਦੀ ਹੈ, ਪਲਾਂ ਵਿੱਚ ਸਭ ਖਤਮ ਹੋ ਜਾਂਦਾ ਹੈ। ਜੰਗ ਵਿੱਚ ਅੱਗੇ ਹੋ ਕੇ ਲੜਦੇ ਸੈਨਿਕਾਂ ਦੇ ਪਰਵਾਰ ਦਹਿਸ਼ਤ ਦੇ ਸਾਏ ਹੇਠ ਜਿਊਂਦੇ ਹਰ ਪਲ ਉਨ੍ਹਾਂ ਦੀ ਸੁੱਖ ਮਨਾਉਂਦੇ ਹਨ। ਮਾਵਾਂ ਦੇ ਕਾਲਜੇ ਫੜੇ ਜਾਂਦੇ ਹਨ। ਸਭ ਮਾਵਾਂ ਦਾ ਪਿਆਰ ਸਰਬ ਵਿਆਪੀ ਹੁੰਦਾ ਹੈ। ਫੌਜੀ ਆਪਣੇ ਦੇਸ਼ ਵਿੱਚ ਲੜਦੇ ਹੋਣ ਜਾਂ ਦੂਜੇ ਦੇਸ਼ ਵਿੱਚ ਜਾ ਕੇ, ਦੋਵਾਂ ਪਾਸਿਆਂ ਦੀਆਂ ਮਾਵਾਂ ਦੀਆਂ ਚਿੰਤਾਵਾਂ, ਫਿਕਰ ਇੱਕੋ ਜਿਹੇ ਹੁੰਦੇ ਹਨ। ਆਪਣੇ ਪੁੱਤਾਂ ਦੇ ਫਿਕਰਾਂ ਵਿੱਚ ਉਹ ਲਹੂ ਸਕਾਉਂਦੀਆਂ ਰਹਿੰਦੀਆਂ ਹਨ। ਆਪਣੇ ਬੱਚਿਆਂ ਦੇ ਜੀਵਨ ਲਈ ਉਹ ਆਪਣੇ ਆਪਣੇ ਇਸ਼ਟ ਅੱਗੇ ਅਰਦਾਸ ਕਰਦੀਆਂ ਹਨ :

ਪਾਣੀ ਵਿੱਚ ਮੁਰਗਾਈਆਂ,
ਲਾਮਾਂ ਤੋੜ ਮੇਰਿਆ ਸਾਈਆਂ।
ਸਰਹੱਦਾਂ ਉੱਤੇ ਨੇ ਖਤਰੇ,
ਸ਼ਾਲਾ ਜਿਊਣ ਮੇਰੇ ਬੱਚੜੇ।
ਬਾਜ਼ਾਰ ਵਿਕੇਂਦੇ ਪੇੜੇ,
ਬੱਚੜੇ ਆ ਵੜਨ ਜੇ ਵਿਹੜੇ।
ਮੈਂ ਤਾਂ ਵੰਡਾਂ ਲੱਡੂ ਪੇੜੇ,
ਇਹੋ ਅਰਜ਼ ਕਰੇਨੀਆਂ
ਮੈਂ ਤਾਂ ਖੈਰ ਮਨਾਨੀਆਂ,
ਰੱਬ ਨੂੰ ਧਿਆਨੀਆਂ।
ਮੈਂ ਤਾਂ ਪੁੱਤ ਉਠਦੀ ਬਹਿੰਦੀ,
ਤੇਰੀ ਖੈਰ ਮਨਾਵਾਂ
ਮੇਰੀ ਉਮਰ ਵੀ ਤੈਨੂੰ ਲੱਗਜੇ,
ਹੋਣ ਤੇਰੀਆਂ ਦੂਰ ਬਲਾਵਾਂ।
ਜਦ ਪਰਤੇ ਤਾਂ ਸੁੱਖਾਂ ਮੰਗਣ,
ਬੂਹੇ ਘਟਕ ਹਵਾਵਾਂ।

ਭੈਣਾਂ ਆਪਣੇ ਮਾਂ ਜਾਇਆਂ ਨੂੰ ਉਡੀਕਦੀਆਂ ਹਨ। ਉਨ੍ਹਾਂ ਵੱਲੋਂ ਸਿਰਜੇ ਲੋਕ ਗੀਤ ਦਿਲ ਦੀ ਵੇਦਨਾ, ਮਨ ਦੀਆਂ ਕਸਕਾਂ ਨੂੰ ਪ੍ਰਗਟ ਕਰਦੇ ਹਨ। ਇਨ੍ਹਾਂ ਗੀਤਾਂ ਵਿੱਚ ਭੈਣ ਭਰਾ ਦੀ ਅਟੁੱਟ ਤੇ ਪਵਿੱਤਰ ਸਾਂਝ ਆਪਣੇ ਰੰਗ ਭਰਦੀ ਹੈ :

* ਤੇਰੀ ਫੌਜ ਨੂੰ ਕਰਾਂਗੀ ਰੋਟੀ,
ਛੁੱਟੀ ਲੈ ਕੇ ਆ ਜਾ ਵੀਰਨਾ।
* ਮੌਲਾ ਸਾਡਾ ਹੁਣ ਡਾਢਾ ਫਜ਼ਲ ਕਰੇਸੀ
ਭੈਣਾਂ ਦੇ ਵੀਰ ਨਾ ਰਹਿਣ ਪਰਦੇਸੀ।

ਸੈਨਿਕਾਂ ਦੀਆਂ ਪਤਨੀਆਂ ਬਿਰਹਾ ਅਤੇ ਡਰ ਦੀ ਅਗਨੀ ਵਿੱਚ ਜਲਦੀਆਂ ਕਦੇ ਸੱਸ ਨੂੰ ਕਹਿੰਦੀਆਂ ਹਨ :

ਸੱਸੇ ਤੇਰਾ ਧੰਨ ਕਾਲਜਾ
ਹੀਰਾ ਪੁੱਤ ਨੀਂ ਲਾਮ ਨੂੰ ਤੋਰਿਆ।

ਹਰ ਦਿਨ ਬਿਰਹਨ ਲਈ ਨਵਾਂ ਭਾਰ ਲੈ ਕੇ ਚੜ੍ਹਦਾ ਅਤੇ ਉਹਦਾ ਮਨ ਹੋਰ ਮਿੱਧ ਜਾਂਦਾ ਹੈ। ਇਸ ਭਾਰ ਨੂੰ ਹੌਲਾ ਕਰਨ ਲਈ ਉਸ ਨੇ ਜੋ ਗੀਤ ਰਚੇ, ਉਹ ਲੋਕਾਂ ਦੀ ਜ਼ੁਬਾਨ ਉੱਤੇ ਚੜ੍ਹ ਕੇ ਲੋਕ-ਗੀਤ ਬਣ ਗਏ। ਉਦਰੇਵਿਆਂ ਪੀੜੀ ਫੌਜੀ ਦੀ ਪਤਨੀ ਨੇ ਲੜਾਈ ਦੀ ਨਿੰਦਾ ਵਿੱਚ ਗੀਤ ਰਚੇ ਹਨ, ਉਹ ਨਰੋਈਆਂ ਅਮਨ-ਲਹਿਰਾਂ ਨੂੰ ਉਤਸ਼ਾਹਤ ਕਰ ਸਕਣ ਦੀ ਸ਼ਕਤੀ ਰੱਖਦੇ ਹਨ।ਉਹ ਆਪਣੀ ਬਿਰਹੋਂ ਵੇਦਨਾ ਦੀ ਤੀਬਰਤਾ ਨੂੰ, ਆਪਣੇ ਮਨੋਭਾਵਾਂ ਨੂੰ ਜਦੋਂ ਪ੍ਰਗਟ ਕਰਦੀਆਂ ਹਨ ਤਾਂ ਉਨ੍ਹਾਂ ਦੀ ਵੇਦਨਾ ਸੁਣ ਕੇ ਉਡਦੇ ਪਰਿੰਦੇ ਵੀ ਖੰਭ ਫੜਕਾਉਣੋਂ ਠਹਿਰ ਜਾਂਦੇ ਹਨ। ਕਦੇ ਰਾਹ ਜਾਂਦੇ ਰਾਹੀਆਂ ਨੂੰ ਸੁਨੇਹੇ ਦਿੱਤੇ ਜਾਂਦੇ ਹਨ :

ਰਾਹੀਆ ਜਾਂਦਿਆਂ ਵੇ! ਪੀਲੂ ਖਾਂਦਿਆਂ ਵੇ,
ਆਖੀਂ ਢੋਲਣ ਨੂੰ ਜਾ,
ਦਾਖਾਂ ਪੱਕੀਆਂ ਵੇ, ਆਸਾਂ ਰੱਖੀਆਂ ਵੇ,
ਢੋਲ ਮੁੜ ਘਰ ਆ।
ਅੰਬੀਂ ਬੂਰ ਪਿਆ, ਢੋਲਾ ਦੂਰ ਗਿਆ,
ਮੈਨੂੰ ਤੱਤੜੀ ਨੂੰ ਨਾ ਤਾਅ।
ਰੋਂਦੀ ਛੋੜ ਗਿਆ, ਮੁੱਖ ਮੋੜ ਗਿਆ,
ਰਾਹੀਆ ਜਾਂਦਿਆਂ ਵੇ, ਸਾਡੀ ਪੈਜ ਰੱਖੀਂ ਵੇ ਹਾਂ।

ਕਦੇ ਖਜੂਰ ਨੂੰ ਪੁੱਛਿਆ ਜਾਂਦਾ ਹੈ ਕਿ ਉਸ ਦੇ ਪੁੱਤਰ ਕਿਉਂ ਪੀਲੇ ਹੋ ਗਏ ਤੇ ਇਸ ਚਿਤਰਪਟ ਉੱਤੇ ਅੰਤਰੀਵ ਮਨ ਦੀ ਅਵਸਥਾ ਉਲੀਕੀ ਜਾਂਦੀ ਹੈ :

ਹਰੀਏ ਭਰੀਏ ਸਬਜ਼ ਖਜੂਰੇ,
ਪੱਤਰ ਤੇਰੇ ਕਿਉਂ ਪੀਲੇ ਓ
ਰਾਜ ਬਿਨਾਂ ਕੋਈ ਰਾਜਾ ਝੂਰੇ,
ਵੈਦ ਬਿਨਾਂ ਕੋਈ ਰੋਗੀ ਓ
ਕੰਤ ਬਿਨਾਂ ਕੋਈ ਨਾਰੀ ਝੂਰੇ,
ਤੀਨੋ ਫਿਰਨ ਬਜੋਗੀ ਓ।

ਜੰਗ ਉਨ੍ਹਾਂ ਦੀਆਂ ਬਹਾਰਾਂ ਨੂੰ ਜਦੋਂ ਸਦਾ ਲਈ ਪਤਝੜ ਵਿੱਚ ਬਦਲ ਜਾਂਦੀ ਹੈ ਅਤੇ ਜੰਗ ਉਨ੍ਹਾਂ ਦੇ ਸੁਹਾਗਾਂ ਨੂੰ ਖਾ ਜਾਂਦੀ ਹੈ ਤਾਂ ਉਹ ਤਾਅਨਾ ਮਾਰਦੀਆਂ ਹਨ :

ਕੀ ਬਹਾਰ ਆਈ, ਕੀ ਬਸੰਤ ਆਈ
ਚੂੜੇ ਵਾਲੀਆਂ ਸਜ ਵਿਆਹੀਆਂ ਦੇ,
ਵਾਪਸ ਜੰਗ ਵਿੱਚੋਂ ਲੈ ਕੇ ਨਾ ਕੰਤ ਆਈ।

ਕਿਸੇ ਕਵੀ ਨੇ ਇੱਕ ਫੌਜੀ ਦੀ ਜ਼ਿੰਦਗੀ ਜਿਊਣ ਦੀ ਚਾਹਤ ਬੜੇ ਦਰਦ ਭਰੇ ਸ਼ਬਦਾਂ ਵਿੱਚ ਬਿਆਨ ਕੀਤੀ ਹੈ :

ਮੈਂ ਜੀਣਾ ਚਾਹੁੰਦਾ ਹਾਂ ਕਰੋੜਾਂ ਮਾਵਾਂ ਦੇ ਪਿਆਰ ਲਈ।
ਉਨ੍ਹਾਂ ਦੀ ਰੋਟੀ, ਬੱਚਿਆਂ ਦੀ ਮਹਿਕਦੀ ਬਹਾਰ ਲਈ।
ਮੈਂ ਜੀਣਾ ਚਾਹੁੰਦਾ ਹਾਂ ਇਸ ਲਈ ਬਚਾ ਲਵੋ ਬਚਾ ਲਵੋ।
ਤੇ ਜ਼ਿੰਦਗੀ ਨੂੰ ਮੌਤ ਦੀਆਂ ਜ਼ੰਜੀਰਾਂ ਵਿੱਚੋਂ ਛੁਡਾ ਲਵੋ।

ਮਨੁੱਖ ਜ਼ਿੰਦਗੀ ਸਿਰਜਦਾ ਹੈ, ਪਰ ਮਨੁੱਖ ਵੱਲੋਂ ਜੰਗ ਲਾ ਕੇ ਇਸ ਧਰਤੀ ਉੱਤੇ ਤਬਾਹੀ ਮਚਾਈ ਜਾਂਦਾ ਹੈ। ਉਸ ਬੰਜਰ ਧਰਤੀ ਉੱਤੇ ਮੁੜ ਜ਼ਿੰਦਗੀ ਧੜਕਣ ਲਈ ਸਦੀਆਂ ਲੱਗ ਜਾਂਦੀਆਂ ਹਨ। ਹੀਰੋਸ਼ੀਮਾ ਤੇ ਨਾਗਾਸਾਕੀ ਵਿੱਚ ਮਚਾਈ ਤਬਾਹੀ ਨੇ ਉਸ ਜਰਖੇਜ਼ ਮਿੱਟੀ ਨੂੰ ਅਜਿਹਾ ਬੰਜਰ ਕੀਤਾ ਕਿ ਮੁੜ ਉਥੇ ਕਰੂੰਬਲ ਵੀ ਨਾ ਫੁੱਟੀ। ਇਹ ਤਬਾਹੀ ਵੱਸਦੀ ਰੱਸਦੀ ਮਨੁੱਖਤਾ ਨੂੰ ਅਪੰਗ ਕਰ ਦਿੰਦੀ ਹੈ। ਪੌਣ ਵਿੱਚ ਜ਼ਹਿਰਾਂ ਘੁਲ ਜਾਂਦੀਆਂ ਹਨ। ਇਹ ਸਭ ਕੁਝ ਸਿਰਫ ਇੱਕ ਦੇਸ਼ ਵੱਲੋਂ ਦੂਜੇ ਦੇਸ਼ ਉੱਤੇ ਆਪਣਾ ਕਬਜ਼ਾ ਕਰ ਕੇ ਉਥੋਂ ਦੇ ਕੁਦਰਤੀ ਸਾਧਨਾਂ ਅਤੇ ਹੋਰ ਵਸੀਲਿਆਂ ਦੀ ਲੁੱਟ ਲਈ ਕਰਨਾ ਹੁੰਦਾ ਹੈ।ਕਾਸ਼! ਅਜਿਹੇ ਦੇਸ਼ ਦੀਆਂ ਹਕੂਮਤਾਂ ਦੂਜੇ ਦੇਸ਼ ਦੇ ਦੁੱਖ ਦਰਦ ਨੂੰ ਸਮਝ ਸਕਦੀਆਂ ਹੋਣ। ਕਿਸੇ ਨੂੰ ਤਬਾਹ ਕਰਨ ਦੀ ਬਜਾਏ ਉਸ ਦੇ ਇਨਸਾਫ ਪਸੰਦ ਗੁਆਂਢੀ ਬਣ ਸਕਣ। ਜੀਓ ਤੇ ਜਿਊਣ ਦਿਓ ਦੇ ਸਿਧਾਂਤ ਉੱਤੇ ਕੰਮ ਕਰਦੇ ਹੋਏ ਖੁਦ ਸੁਖੀ ਵੱਸਣ ਅਤੇ ਦੂਜਿਆਂ ਨੂੰ ਵੱਸਣ ਦੇਣ।

## ਹਲਕਾ ਫੁਲਕਾ

ਨੌਕਰਾਣੀ (ਮਾਲਕਣ ਨੂੰ), "ਮੈਨੂੰ 10 ਦਿਨ ਦੀ ਛੁੱਟੀ ਚਾਹੀਦੀ ਹੈ।"
ਮਾਲਕਣ, "ਨਹੀਂ, ਬਿਲੁਕਲ ਨਹੀਂ, ਜੇ ਤੂੰ ਛੁੱਟੀ ਉੱਤੇ ਚਲੀ ਗਈ ਤਾਂ ਤੇਰੇ ਸਾਬ੍ਹ ਦਾ ਨਾਸ਼ਤਾ ਕੌਣ ਬਣਾਏਗਾ, ਟਿਫਨ ਕੌਣ ਪੈਕ ਕਰੇਗਾ, ਕੱਪੜੇ ਕੌਣ ਧੋਏਗਾ ਤੇ ਉਨ੍ਹਾਂ ਨੂੰ ਟਾਈਮ ਨਾਲ ਦਵਾਈ ਕੌਣ ਦੇਵੇਗਾ?"
ਨੌਕਰਾਣੀ (ਕੁਝ ਸੋਚ ਕੇ), "ਤਾਂ ਠੀਕ ਹੈ 10 ਦਿਨ ਲਈ ਮੈਂ ਸਾਬ੍ਹ ਨੂੰ ਵੀ ਆਪਣੇ ਨਾਲ ਲੈ ਜਾਂਦੀ ਹਾਂ।"

*******


ਮੈਨੇਜਰ ਨੇ ਨਵੇਂ ਨੌਕਰ ਨੂੰ ਸਮਝਾਉਂਦੇ ਹੋਏ ਕਿਹਾ, "ਅਜੇ ਮੈਂ ਤੈਨੂੰ 1000 ਰੁਪਏ ਹੀ ਤਨਖਾਹ ਦੇਵਾਂਗਾ, ਪਰ ਇੱਕ ਸਾਲ ਬਾਅਦ ਵਧਾ ਕੇ 1500 ਰੁਪਏ ਕਰ ਦਿਆਂਗਾ।"
ਨੌਕਰ, "ਫਿਰ ਮੈਂ ਇੱਕ ਸਾਲ ਬਾਅਦ ਹੀ ਆਵਾਂਗਾ।"

********

ਡਾਕਟਰ (ਰੋਗੀ ਨੂੰ), "ਮੈਂ ਤੈਨੂੰ ਯਾਦਾਸ਼ਤ ਵਧਾਉਣ ਲਈ ਇੱਕ ਦਵਾਈ ਦਿੱਤੀ ਸੀ, ਉਸ ਨਾਲ ਤੈਨੂੰ ਕੁਝ ਲਾਭ ਹੋਇਆ...?"
ਰੋਗੀ, "ਜੀ ਹਾਂ, ਅੱਜਕੱਲ੍ਹ ਮੈਨੂੰ ਯਾਦ ਰਹਿੰਦਾ ਹੈ ਕਿ ਮੈਂ ਕੁਝ ਭੁੱਲ ਰਿਹਾ ਹਾਂ।"

# ਨਵੀਂ ਸਰਕਾਰ ਤੋਂ ਨਵੀਆਂ ਆਸਾਂ, ਕਿਰਦੇ ਜਾਂਦੇ ਸਮੇਂ ਨੂੰ ਵਰਤਣਾ ਤੇ ਕੁਝ ਕਰ ਕੇ ਦਿਖਾਉਣਾ ਪਵੇਗਾ





ਜਤਿੰਦਰ ਪੰਨੂ

ਪੰਜਾਬ ਇੱਕ ਵੱਡੀ ਤਬਦੀਲੀ ਦਾ ਗਵਾਹ ਬਣਦਾ ਪਿਆ ਹੈ। ਸਗੋਂ ਵੱਧ ਠੀਕ ਕਿਹਾ ਜਾਵੇ ਤਾਂ ਇਹ ਤਬਦੀਲੀ ਦਾ ਗਵਾਹ ਬਣ ਚੁੱਕਾ ਹੈ। ਪਿਛਲਾ ਸਮਾਂ ਨਾ ਵੀ ਗਿਣੀਏ ਤਾਂ ਹਰਿਆਣੇ ਨੂੰ ਕੱਢ ਦੇਣ ਪਿੱਛੋਂ ਬਾਕੀ ਬਚੇ ਮੌਜੂਦਾ ਪੰਜਾਬ ਵਿੱਚ ਤੇਈ-ਤੇਈ ਸਾਲਾਂ ਤੋਂ ਵੱਧ ਅਗਵਾਈ ਕਰ ਚੁੱਕੀਆਂ ਦੋ ਵੱਡੀਆਂ ਪਾਰਟੀਆਂ, ਕਾਂਗਰਸ ਤੇ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਲੋਕਾਂ ਨੇ ਰੱਦ ਕਰ ਕੇ ਇੱਕ ਨਵੀਂ ਪਾਰਟੀ ਨੂੰ ਅਗਵਾਈ ਸੌਂਪ ਦਿੱਤੀ ਹੈ। ਇਸ ਪਾਰਟੀ ਦੀ ਜਿੱਤ ਵੀ ਏਨੀ ਜ਼ੋਰਦਾਰ ਹੈ ਕਿ ਇੱਕ ਸੌ ਸਤਾਰਾਂ ਵਿੱਚੋਂ ਬਾਨਵੇਂ ਵਿਧਾਇਕ ਇਸ ਇੱਕੋ ਪਾਰਟੀ ਦੇ ਚੁਣੇ ਗਏ ਤੇ ਦੂਸਰਿਆਂ ਦੀ ਸ਼ਰਮਨਾਕ ਹਾਰ ਹੋਈ ਹੈ। ਕਾਂਗਰਸ ਪਾਰਟੀ ਮਸਾਂ ਡੇਢ ਦਰਜਨ ਵਿਧਾਇਕ ਜਿਤਵਾ ਸਕੀ ਤੇ ਅਕਾਲੀ ਦਲ ਲਈ ਪੰਜਾਬ ਦੇ ਤਿੰਨਾਂ ਖੇਤਰਾਂ ਮਾਝਾ, ਮਾਲਵਾ ਤੇ ਦੋਆਬਾ ਤੋਂ ਮਸਾਂ ਇੱਕ-ਇੱਕ ਵਿਧਾਇਕ ਮਿਲਾ ਕੇ ਤਿੰਨ ਜਣੇ ਜਿੱਤ ਸਕੇ ਹਨ ਤੇ ਦੋਵਾਂ ਪਾਰਟੀਆਂ ਦੀ ਮੁੱਖ ਲੀਡਰਸ਼ਿਪ ਅਸਲੋਂ ਰੁਲ ਗਈ ਹੈ। ਲੋਕਾਂ ਨੇ ਇੱਕੋ ਵਾਰ ਕਾਂਗਰਸੀ ਮੁੱਖ ਮੰਤਰੀ ਨੂੰ ਦੋ ਹਲਕਿਆਂ ਵਿੱਚੋਂ ਹਰਾ ਦਿੱਤਾ ਅਤੇ ਇਸ ਪਾਰਟੀ ਦੇ ਦੋ ਸਾਬਕਾ ਮੁੱਖ ਮੰਤਰੀ ਵੀ ਇਸ ਚੋਣ ਵਿੱਚ ਹਾਰ ਗਏ। ਪੰਜਾਬ ਦੇ ਸਿਆਸੀ ਖੇਤਰ ਵਿੱਚ ਕਾਂਗਰਸ ਦੀ ਅੱਧੀ ਸਦੀ ਤੋਂ ਵੱਧ ਸਮਾਂ ਸ਼ਰੀਕਣੀ ਬਣਦੀ ਰਹੀ ਅਕਾਲੀ ਪਾਰਟੀ ਦਾ ਪੰਜ ਵਾਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਬੜੀ ਤੁਰੀ ਤਰ੍ਹਾਂ ਹਾਰ ਗਿਆ ਤੇ ਉਸ ਦਾ ਸਾਬਕਾ ਡਿਪਟੀ ਮੁੱਖ ਮੰਤਰੀ ਪੁੱਤਰ ਵੀ ਪੂਰਾ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਹਾਰ ਦਾ ਗਮ ਲੈ ਕੇ ਬਹਿ ਗਿਆ। ਜਿਹੜੀ ਪਾਰਟੀ ਪੰਜ ਸਾਲ ਪਹਿਲਾਂ ਦੀ ਚੋਣ ਵਿੱਚ ਪੰਜਾਬ ਦੀ ਕਮਾਨ ਸਾਂਭਣ ਦਾ ਦਾਅਵਾ ਕਰਦੀ ਮਸਾਂ ਵੀਹ ਸੀਟਾਂ ਜਿੱਤ ਸਕੀ ਤੇ ਬਾਹਰਿਲਆਂ ਦੀ ਚੁੱਕ ਹੇਠ ਇਸ ਦੇ ਦਸ ਵਿਧਾਇਕ ਪਾਰਟੀ ਛੱਡ ਕੇ ਇਸ ਲਈ ਨਮੋਸ਼ੀ ਦਾ ਕਾਰਨ ਬਣੇ ਸਨ, ਇਨ੍ਹਾਂ ਚੋਣਾਂ ਵਿੱਚ ਉਸ ਧਿਰ ਨੂੰ ਫਿਰ ਨਿਕੰਮਾ ਤੇ ਕਈ ਕੁਝ ਹੋਰ ਕਿਹਾ ਜਾਂਦਾ ਰਿਹਾ ਸੀ, ਪਰ ਉਹ ਪੰਜਾਬ ਦੀਆਂ ਦੋਵਾਂ ਮੁੱਖ ਧਿਰਾਂ ਨੂੰ ਹਰਾ ਕੇ ਜਿੱਤ ਗਈ ਹੈ। ਉਸ ਪਾਰਟੀ ਦੇ ਮੁਖੀ ਭਗਵੰਤ ਮਾਨ ਨੇ ਹਰਮਨ ਪਿਆਰਤਾ ਦੇ ਪੱਖ ਤੋਂ ਸਾਰੇ ਪਿਛਲੇ ਮੁੱਖ ਮੰਤਰੀਆਂ ਨੂੰ ਪਛਾੜ ਦਿੱਤਾ ਹੈ।

ਇਸ ਰਾਜ ਵਿੱਚ ਇਸ ਪੱਖੋਂ ਤਬਦੀਲੀ ਦਾ ਪਹਿਲਾ ਪ੍ਰਗਟਾਵਾ ਇਹ ਸੀ ਕਿ ਨਵੇਂ ਮੁੱਖ ਮੰਤਰੀ ਦੇ ਸਹੁੰ ਚੁੱਕਣ ਦੀ ਰਸਮ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿੱਚਕੀਤੀ ਗਈ ਹੈ। ਨਵੇਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਦੇ ਬਾਰੇ ਬਾਕੀ ਦਾ ਲੇਖਾ ਬਾਅਦ ਵਿੱਚ ਕੀਤਾ ਜਾਵੇਗਾ, ਪਰ ਸਰਕਾਰ ਸੰਭਾਲਦੇ ਸਾਰ ਜਿਹੜੇ ਪਹਿਲੇ ਕਦਮ ਉਠਾਏ ਹਨ, ਉਹ ਪੰਜਾਬ ਦੇ ਲੋਕਾਂ ਦੀ ਸ਼ਲਾਘਾ ਖੱਟਣ ਵਾਲੇ ਹਨ। ਚਾਰਜ ਲੈਂਦੇ ਸਾਰ ਨਵੇਂ ਮੁੱਖ ਮੰਤਰੀ ਨੇ ਅਫਸਰਾਂ ਦੀ ਬੈਠਕ ਵਿੱਚ ਸਾਫ ਕਹਿ ਦਿੱਤਾ ਕਿ ਲੋਕਤੰਤਰ ਵਿੱਚ ਸਾਡੇ ਸਭਨਾਂ ਤੋਂ ਵੱਡੇ ਲੋਕ ਹੁੰਦੇ ਹਨ, ਜਿਹੜੇ ਕਿਸੇ ਨੂੰ ਫਰਸ਼ ਤੋਂ ਅਰਸ਼ ਤੱਕ ਪੁਚਾਉਣ ਦੀ ਤਾਕਤ ਦੇ ਮਾਲਕ ਹਨ ਤੇ ਅਰਸ਼ ਉੱਤੇ ਪਹੁੰਚਿਆ ਆਗੂ ਜੇ ਆਸਾਂ ਉੱਤੇ ਪੂਰਾ ਨਹੀਂ ਉੱਤਰਦਾ ਤਾਂ ਫਰਸ਼ ਉੱਤੇ ਵੀ ਸੁੱਟਣ ਦੇ ਸਮਰੱਥ ਹਨ ਅਤੇ ਅਫਸਰਸ਼ਾਹੀ ਲੋਕਾਂ ਲਈ ਹਾਕਮ ਨਹੀਂ, ਸੇਵਕ ਹੋਣੀ ਚਾਹੀਦੀ ਹੈ। ਅਫਸਰਾਂ ਨੂੰ ਇਹ ਵੀ ਕਹਿ ਦਿੱਤਾ ਕਿ ਜਿਹੜੇ ਅਫਸਰ ਚੰਗਾ ਕੰਮ ਕਰਨਗੇ, ਉਨ੍ਹਾਂ ਦਾ ਸਨਮਾਨ ਸਰਕਾਰ ਕਰੇਗੀ ਤੇ ਜਿਨ੍ਹਾਂ ਦੀ ਆਮ ਲੋਕਾਂ ਨਾਲ ਕਿਸੇ ਮਾੜੇ ਵਿਹਾਰ ਦੀ ਸ਼ਿਕਾਇਤ ਆਈ, ਉਹ ਕਿਸੇ ਹਮਦਰਦੀ ਦੀ ਝਾਕ ਵੀ ਨਾ ਰੱਖਣ। ਅਗਲੇ ਦਿਨ ਮੁੱਖ ਮੰਤਰੀ ਨੇ ਨਰਮੇ ਵਾਲੇ ਕਿਸਾਨਾਂ ਨੂੰ ਸੁੰਡੀ ਨਾਲ ਖਰਾਬ ਹੋਈ ਫਸਲ ਦਾ ਚਿਰਾਂ ਦਾ ਰੁਕਿਆ ਮੁਆਵਜ਼ਾ ਦੇਣ ਲਈ ਹੁਕਮ ਜਾਰੀ ਕੀਤਾ ਤਾਂ ਨਾਲ ਨਰਮੇ ਦੀ ਚੁਗਾਈ ਕਰ ਕੇ ਪਰਵਾਰ ਪਾਲਣ ਵਾਲੇ ਮਜ਼ਦੂਰਾਂ ਦੇ ਪਰਵਾਰਾਂ ਦਾ ਖਿਆਲ ਵੀ ਰੱਖਿਆ ਅਤੇ ਉਨ੍ਹਾਂ ਦੀ ਮਦਦ ਲਈ ਵੀ ਬਣਦੀ ਨਕਦ ਸਹਾਇਤਾ ਦੇਣ ਦਾ ਹੁਕਮ ਵੀ ਦੇ ਦਿੱਤਾ ਹੈ।

ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਇਹ ਸਰਕਾਰ ਗੱਲਾਂ ਤਾਂ ਬਹੁਤ ਕਰਦੀ ਹੈ, ਅਮਲ ਵਿੱਚ ਕੰਮ ਕਰਨਾ ਏਨਾ ਸੌਖਾ ਨਹੀਂ ਹੁੰਦਾ, ਇਸ ਕੋਲੋਂ ਕੀਤੇ ਗਏ ਵਾਅਦਿਆਂ ਮੁਤਾਬਕ ਸਿੱਟੇ ਨਹੀਂ ਨਿਕਲ ਸਕਣੇ। ਸਾਡੀ ਸਮਝ ਕਹਿੰਦੀ ਹੈ ਕਿ ਕਰਨ ਵਾਲੇ ਦੀ ਨੀਤ ਸਾਫ ਹੋਣ ਨਾਲ ਉਹ ਕੰਮ ਵੀ ਹੋ ਜਾਂਦੇ ਹਨ, ਜਿਹੜੇ ਕਿਸੇ ਹੋਰ ਨੇ ਨਹੀਂ ਕੀਤੇ ਤੇ ਏਸੇ ਸਰਕਾਰੀ ਮਸ਼ੀਨਰੀ ਤੋਂ ਕਰਵਾਉਣ ਦੀਆਂ ਮਿਸਾਲਾਂ ਵੀ ਮੌਜੂਦ ਹਨ। ਇਸ ਦੀ ਇੱਕ ਮਿਸਾਲ ਇਸ ਵਾਰ ਅਸੈਂਬਲੀ ਚੋਣਾਂ ਦੇ ਵਕਤ ਮਿਲ ਗਈ। ਪੰਜਾਬ ਦੇ ਮੌਜੂਦਾ ਮੁੱਖ ਚੋਣ ਅਫਸਰ ਡਾਕਟਰ ਕਰੁਣਾ ਰਾਜੂ ਦੀ ਨੀਤ ਉੱਤੇ ਕੋਈ ਸ਼ੱਕ ਨਹੀਂ ਕਰ ਸਕਦਾ। ਉਨ੍ਹਾਂ ਨੇ ਸਾਫ-ਸਾਫ ਕਹਿ ਦਿੱਤਾ ਕਿ ਕਾਨੂੰਨ ਦੀ ਉਲੰਘਣਾ ਨਹੀਂ ਹੋਣ ਦੇਣਗੇ ਅਤੇ ਹੋਣ ਵੀ ਨਹੀਂ ਦਿੱਤੀ। ਹੋਰ ਤਾਂ ਹੋਰ, ਇਸ ਵਾਰੀ ਕਾਨੂੰਨ ਤੋਂ ਭਗੌੜੇ ਏਨੇ ਅਪਰਾਧੀ ਸਿਰਫ ਚੋਣਾਂ ਦੌਰਾਨ ਫੜੇ ਗਏ ਕਿ ਪੂਰੀ ਗਿਣਤੀ ਦਾ ਪਤਾ ਲੱਗਣ ਨਾਲ ਬੰਦਾ ਹੈਰਾਨ ਹੋ ਜਾਂਦਾ ਹੈ। ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਇੱਕ ਆਮ ਨਾਗਰਿਕ ਨੇ ਉਨ੍ਹਾਂ ਨੂੰ ਇੱਕ ਸੁਨੇਹਾ ਭੇਜ ਦਿੱਤਾ ਕਿ ਫਲਾਣੇ ਇਲਾਕੇ ਵਿੱਚ ਇੱਕ ਗੈਂਗਸਟਰ ਫਿਰਦਾ ਹੈ, ਜਿਹੜਾ ਵੋਟਾਂ ਵਾਲੇ ਦਿਨ ਕੋਈ ਚੰਦ ਚਾੜ੍ਹ ਸਕਦਾ ਹੈ। ਡਾਕਟਰ ਕਰੁਣਾ ਰਾਜੂ ਨੇ ਸੰਬੰਧਤ ਜ਼ਿਲੇ ਦੇ ਪੁਲਸ ਮੁਖੀ ਨੂੰ ਕਿਹਾ ਅਤੇ ਨਾਲ ਉਸ ਤੋਂ ਡੀ ਐੱਸ ਪੀ ਦਾ ਨੰਬਰ ਵੀ ਲੈ ਲਿਆ, ਜਿਸ ਨੇ ਇਹ ਕੰਮ ਕਰਨਾ ਸੀ। ਫਿਰ ਉਸ ਡੀ ਐੱਸ ਪੀ ਨੂੰ ਫੋਨ ਕਰ ਕੇ ਹਰ ਅੱਧੇ ਘੰਟੇ ਪਿੱਛੋਂ ਕਾਰਵਾਈ ਕੀਤੀ ਦੀ ਰਿਪੋਰਟ ਦੇਣ ਅਤੇ ਆਪਣੀ ਲੋਕੇਸ਼ਨ ਦੱਸਣ ਨੂੰ ਕਹਿ ਦਿੱਤਾ ਤੇ ਜਦੋਂ ਡੀ ਐੱਸ ਪੀ ਨੇ ਗੱਲਾਂ ਵਿੱਚ ਘੁੰਮਾਉਣ ਲਈ ਥੋੜ੍ਹਾ ਸਮਾਂ ਖਾਲੀ ਲੰਘਾ ਦਿੱਤਾ ਤਾਂ ਉਸ ਨੂੰ ਕਹਿ ਦਿੱਤਾ ਕਿ ਜੇ ਗੈਂਗਸਟਰ ਨਾ ਫੜਿਆ ਤਾਂ ਇੱਕ ਘੰਟੇ ਵਿੱਚ ਏਥੇ ਨਵਾਂ ਡੀ ਐੱਸ ਪੀ ਆਵੇਗਾ ਅਤੇ ਤੁਸੀਂ ਕਾਰਵਾਈ ਦਾ ਸਾਹਮਣਾ ਕਰੋਗੇ। ਵਰਦੀ ਲਹਿ ਜਾਣ ਦੀ ਚਿੰਤਾ ਵਿੱਚ ਅਜੇ ਤੱਕ ਗੱਲ ਟਾਲਦੇ ਰਹੇ ਡੀ ਐੱਸ ਪੀ ਨੇ ਅੱਧੇ ਘੰਟੇ ਤੋਂ ਪਹਿਲਾਂ ਰਿਪੋਰਟ ਭੇਜ ਦਿੱਤੀ ਕਿ ਗੈਂਗਸਟਰ ਫੜ ਲਿਆ ਹੈ, ਕਿਉਂਕਿ ਲੱਭਣ ਦੀ ਲੋੜ ਨਹੀਂ ਸੀ, ਉਸ ਨੂੰ ਪਤਾ ਹੋਵੇਗਾ ਕਿ ਬੰਦਾ ਕਿਸ ਰਾਜਸੀ ਆਗੂ ਨੇ ਕਿੱਥੇ ਲੁਕਾਇਆ ਹੈ!

ਇਹ ਸਿਰਫ ਇੱਕ ਮਿਸਾਲ ਹੈ, ਪਰ ਇੱਕੋ-ਇੱਕੋ ਨਹੀਂ, ਅਗਲੇ ਦਿਨਾਂ ਵਿੱਚ ਏਦਾਂ ਦੀਆਂ ਕਈ ਮਿਸਾਲਾਂ ਹੋਰ ਵੀ ਮਿਲਣ ਦੀ ਆਸ ਹੈ। ਸਰਕਾਰ ਜਦੋਂ ਕੁਝ ਅਗਲੇ ਕਦਮ ਉਠਾਵੇਗੀ ਤੇ ਦਫਤਰਾਂ ਵਿੱਚ ਸਿਰਫ ਲੋਕ ਲੁਭਾਊ ਛਾਪਿਆਂ ਦੀ ਕਾਰਵਾਈ ਪਾਉਣ ਰੁੱਝੇ ਹੋਏ ਆਪਣੇ ਵਿਧਾਇਕਾਂ ਨੂੰ ਡਿਸਿਪਲਿਨ ਵਿੱਚ ਰੱਖੇਗੀ, ਉਸ ਮਗਰੋਂ ਉਸ ਬਾਰੇ ਅਗਲੇ ਪੜਾਵਾਂ ਵਿੱਚ ਸੋਚਿਆ ਜਾ ਸਕਦਾ ਹੈ, ਪਰ ਮੁੱਢਲੇ ਪੱਧਰ ਉੱਤੇ ਲੋਕਾਂ ਨੂੰ ਉਸ ਤੋਂ ਆਸਾਂ ਬਹੁਤ ਹਨ। ਆਮ ਲੋਕਾਂ ਦੀਆਂ ਇਨ੍ਹਾਂ ਵੱਡੀਆਂ ਆਸਾਂ ਮੁਤਾਬਕ ਕੰਮ ਕਰਨਾ ਅਤੇ ਸਿੱਟੇ ਕੱਢਣਾ ਇਸ ਪਾਰਟੀ ਲਈ ਵੱਡਾ ਇਮਤਿਹਾਨ ਹੈ। ਪੰਜਾਬ ਦੇ ਲੋਕਾਂ ਨੇ ਜਿੱਦਾਂ ਦਾ ਫਤਵਾ ਦਿੱਤਾ ਹੈ, ਉਸ ਦੇ ਬਾਅਦ ਨਾਅਰੇ ਭਾਵੇਂ ਇਨਕਲਾਬ ਦੇ ਲੱਗਦੇ ਰਹੇ ਹੋਣ, ਇਹ ਕੋਈ ਵਿਚਾਰਧਾਰਕ ਜਾਂ ਵੱਖਰੇ ਸਮਾਜ ਦੀ ਸਿਧਾਂਤਕ ਪਹੁੰਚ ਵਾਲਾ ਇਨਕਲਾਬ ਨਹੀਂ ਮੰਨਣਾ ਚਾਹੀਦਾ। ਇਹ ਇੱਕ ਤਬਦੀਲੀ ਜ਼ਰੂਰ ਹੈ, ਪਰ ਤਬਦੀਲੀ ਇਸੇ ਸਿਆਸੀ ਢਾਂਚੇ ਅੰਦਰ ਆਏ ਵਿਗਾੜਾਂ ਨੂੰ ਏਸੇ ਸੰਵਿਧਾਨ ਤੇ ਅਜੋਕੇ ਨਿਯਮਾਂ ਦੇ ਅਧੀਨ ਚੱਲਦੇ ਹੋਏ ਹੀ ਸਮਾਜ ਨੂੰ ਸੁਧਾਰ ਕੇ ਲੀਹ ਉੱਤੇ ਪਾਉਣ ਵੱਲ ਸੇਧਤ ਹੈ। ਸਮਾਜ ਸੁਧਾਰਕ ਅੰਨਾ ਹਜ਼ਾਰੇ ਨੇ ਭਾਰਤ ਦੇ ਲੋਕਾਂ ਦੀ ਚੇਤਨਾ ਨੂੰ ਜਦੋਂ ਟੁੰਬਿਆ ਤੇ ਉਨ੍ਹਾਂ ਨੂੰ ਸਿਰਫ ਭ੍ਰਿਸ਼ਟਾਚਾਰ ਵਿਰੋਧ ਦੇ ਇੱਕ ਨੁਕਤੇ ਉੱਤੇ ਲਾਮਬੰਦੀ ਦੇ ਰਾਹ ਪਾਇਆ ਸੀ, ਉਹ ਵੀ ਕੋਈ ਸਿਧਾਂਤਕ ਪੱਖ ਤੋਂ ਇਨਕਲਾਬ ਦੀ ਲਹਿਰ ਨਹੀਂ, ਇਸੇ ਸਿਸਟਮ ਦੇ ਅੰਦਰ ਆ ਚੁੱਕੇ ਵਿਗਾੜਾਂ ਨੂੰ ਸੁਧਾਰਨ ਦੀ ਕੋਸ਼ਿਸ਼ ਸੀ। ਜਦੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦਾ ਕ੍ਰਿਸ਼ਮਾ ਹੋਇਆ ਤੇ ਭਾਰਤ ਦੀ ਰਾਜਧਾਨੀ ਦੇ ਲੋਕਾਂ ਨੇ ਉਸ ਦਾ ਕੰਮ ਹੁੰਦਾ ਵੇਖਿਆ ਤਾਂ ਅਗਲੀ ਵਾਰ ਫਿਰ ਕੇਜਰੀਵਾਲ ਦੀ ਅਗਵਾਈ ਦੇ ਹੱਕ ਵਿੱਚ ਫਤਵਾ ਦੇ ਦਿੱਤਾ ਸੀ। ਉਸ ਦੀਆਂ ਲਗਾਤਾਰ ਇਨ੍ਹਾਂ ਦੋ ਜਿੱਤਾਂ ਨੇ ਭਾਰਤੀ ਲੋਕਾਂ ਨੂੰ ਵਿਖਾ ਦਿੱਤਾ ਸੀ ਕਿ ਸਿਰਫ ਕਿਸੇ ਇੱਕ ਧਰਮ ਦੇ ਨਾਂਅ ਉੱਤੇ ਆਮ ਲੋਕਾਂ ਨੂੰ ਉਕਸਾ ਕੇ ਹੀ ਰਾਜ ਦੀ ਮਿਆਦ ਲੰਮੀ ਨਹੀਂ ਕੀਤੀ ਜਾਂਦੀ, ਆਮ ਲੋਕਾਂ ਦਾ ਸਾਹ ਅਮਲ ਵਿੱਚ ਸੁਖਾਲਾ ਕੀਤਾ ਜਾਵੇ ਤਾਂ ਲੋਕ ਇਸ ਦੀ ਵੀ ਏਨੀ ਕਦਰ ਪਾਉਂਦੇ ਹਨ ਕਿ ਬਾਕੀ ਸਭ ਗੱਲਾਂ ਰੱਦ ਕਰ ਦੇਂਦੇ ਹਨ। ਪੰਜਾਬ ਵਿੱਚ ਜਿਹੜੀ ਤਬਦੀਲੀ ਆਈ ਹੈ, ਉਹ ਕਿਸੇ ਸਿਧਾਂਤਕ ਸੋਚਣੀ ਦੀ ਪ੍ਰਤੀਕ ਨਹੀਂ, ਪੰਜਾਬ ਦੇ ਆਮ ਲੋਕਾਂ ਦੀ ਇਸ ਇੱਛਾ ਦੀ ਪ੍ਰਤੀਕ ਹੈ ਕਿ ਇਸ ਰਾਜ ਵਿੱਚ ਆਮ ਲੋਕਾਂ ਦੀ ਕਦਰ ਕਦੇ ਨਾ ਕਦੇ ਪੈਣੀ ਚਾਹੀਦੀ ਹੈ। ਇਸ ਨੇਕ ਸੋਚ ਲਈ ਲੋਕਾਂ ਨੇ ਵੋਟਾਂ ਪਾਈਆਂ ਹਨ ਅਤੇ ਇਸ ਸੋਚ ਲਈ ਨਵੀਂ ਸਰਕਾਰ ਨੂੰ ਅਗਲੇ ਕਦਮ ਪੁੱਟਣੇ ਪੈਣਗੇ ਅਤੇ ਯਾਦ ਰੱਖਣਾ ਹੋਵੇਗਾ ਕਿ ਜਿੰਨਾ ਵੀ ਲੰਮਾ ਸਮਝਿਆ ਜਾਵੇ, ਪੰਜ ਸਾਲ ਵਾਲਾ ਸਮਾਂ ਨਾ ਕੰਮ ਕਰਨ ਦੇ ਲਈ ਬਹੁਤਾ ਹੁੰਦਾ ਹੈ, ਨਾ ਲੋਕਾਂ ਨੂੰ ਗੱਲਾਂ ਵਿੱਚ ਲਾ ਕੇ ਡੰਗ ਟਪਾਉਣ ਲਈ ਮਿਲਿਆ ਹੁੰਦਾ ਹੈ। ਇੱਕ-ਇੱਕ ਦਿਨ ਕਰ ਕੇ ਕਿਰਦੇ ਜਾ ਸਕਦੇ ਇਸ ਪੰਜ ਸਾਲਾਂ ਵਾਲੇ ਸਮੇਂ ਵਿੱਚ ਹਰ ਪਲ ਲੋਕਾਂ ਦੇ ਲੇਖੇ ਲਾਉਣਾ ਪਵੇਗਾ। ਸਿੱਟੇ ਤਦੇ ਹੀ ਨਿਕਲਣਗੇ।

# ਕੀ ਵਿਆਹੁਤਾ ਜੀਵਨ ਵਿੱਚ ਸੈਕਸ ਰੇਪ ਭੀ ਹੋ ਸਕਦਾ ਹੈ ?



ਡਾ. ਅਮਨਪ੍ਰੀਤ ਸਿੰਘ ਬਰਾੜ

ਇਹਨੀ ਦਿਨੀਂ ਦਿੱਲੀ ਹਾਈਕੋਰਟ ਵਿਚ ਇੱਕ ਕੇਸ ਦੀ ਸੁਣਵਾਈ ਚੱਲ ਰਹੀ ਹੈ ਜਿਸ ਦਾ ਸਬੰਧ ਬਹੁਤ ਹੀ ਪਵਿੱਤਰ ਸਮਾਜਿਕ ਰਿਸ਼ਤੇ ਨਾਲ ਹੈ। ਉਹ ਮੁਕੱਦਮਾ ਇਹ ਹੈ ਕਿ ਵਿਆਹੁਤਾ ਜੀਵਨ ਵਿੱਚ ਜੇ ਕੋਈ ਪਤੀ ਆਪਣੀ ਪਤਨੀ ਨਾਲ ਸੈਕਸ ਬਿਨਾਂ ਪਤਨੀ ਦੀ ਮੰਜੂਰੀ ਤੋਂ ਕਰਦਾ ਹੈ ਤਾਂ ਉਸ ਨੂੰ ਬਲਾਤਕਾਰ ਸਮਝਿਆ ਜਾਣਾ ਚਾਹੀਦਾ ਹੈ ਤਾਂ ਕਿ ਪਤਨੀ ਆਵਦੇ ਪਤੀ ਤੇ ਮੁਕੱਦਮਾ ਕਰ ਕੇ ਘੱਟ ਤੋ ਘੱਟ 10 ਸਾਲ ਅਤੇ ਵੱਧ ਤੋ ਵੱਧ ਉਮਰ ਕੈਦ ਤੱਕ ਦੀ ਸਜ਼ਾ ਕਰਵਾ ਸਕੇ। ਇਸ ਵੇਲੇ ਜੋ ਮੌਜੂਦਾ ਕਾਨੂੰਨ ਹੈ ਉਸ ਮੁਤਾਬਕ ਪਤੀ ਉਪਰ ਬਲਾਤਕਾਰ ਦਾ ਮੁਕੱਦਮਾ ਨਹੀ ਚੱਲ ਸਕਦਾ ਜੇ ਪਤਨੀ ਦੀ ਉਮਰ 15 ਸਾਲ ਤੋਂ ਵੱਧ ਹੈ। ਕੁਝ ਐਨ ਜੀ ਓ ਅਤੇ ਦੋ ਇਕੱਲੇ ਵਿਅਕਤੀਆਂ ਨੇ ਦਿੱਲੀ ਹਾਈਕੋਰਟ ਵਿੱਚ ਪਟੀਸ਼ਨਾ ਪਾਈਆ ਹਨ ਉਹਨਾਂ ਦਾ ਕਹਿਣਾ ਹੈ ਕਿ ਜਿਹੜਾ ਸੈਕਸ ਔਰਤ ਦੀ ਮਰਜ਼ੀ ਤੋ ਬਿਨ੍ਹਾਂ ਹੁੰਦਾ ਹੈ ਉਹ ਬਲਾਤਕਾਰ ਹੈ ਆਦਮੀ ਭਾਵੇ ਪਤੀ ਹੋਵੇ ਜਾਂ ਕੋਈ ਹੋਰ। ਪਟੀਸ਼ਨ ਕਰਤਾ ਦਾ ਕਹਿਣਾ ਹੈ ਕਿ ਮੌਜੂਦਾ ਕਾਨੂੰਨ ਨਾਲ ਸੰਵਿਧਾਨ ਦੇ ਆਰਟੀਕਲ 14 ਅਤੇ ਆਰਟੀਕਲ 21 ਦੀ ਉਲੰਘਣਾ ਹੁੰਦੀ ਹੈ। ਆਰਟੀਕਲ 14 ਮੁਤਾਬਕ ਕਾਨੂੰਨ ਦੇ ਸਾਹਮਣੇ ਸਾਰੇ ਬਰਾਬਰ ਹਨ ਅਤੇ ਸਭ ਨੂੰ ਇਕੋ ਜਿਹੇ ਅਧਿਕਾਰ ਮਿਲਣੇ ਚਾਹੀਦੇ ਹਨ।ਆਰਟੀਕਲ 21 ਅਨੁਸਾਰ ਹਰ ਇਕ ਇਨਸਾਨ ਦੀ ਆਪਣੀ ਜਿੰਦਗੀ ਹੈ ਅਤੇ ਉਸ ਨੂੰ ਵਰਤਣ ਦੀ ਅਜ਼ਾਦੀ ਹੈ ਉਸ ਉਤੇ ਕਿਸੇ ਹੋਰ ਦਾ ਅਧਿਕਾਰ ਨਹੀ। ਵਕੀਲਾਂ ਦਾ ਤਰਕ ਹੈ ਕਿ ਵਿਆਹ ਪਤੀ ਨੂੰ ਇਹ ਅਜ਼ਾਦੀ ਨਹੀ ਦਿੰਦਾ ਕਿ ਪਤੀ ਆਪਣੀ ਪਤਨੀ ਦੀ ਮਰਜ਼ੀ ਤੋ ਬਿਨਾਂ ਉਸ ਨਾਲ ਸੰਭੋਗ ਕਰ ਸਕੇ। ਇਸ ਸਬੰਧ ਵਿੱਚ ਫੈਸਲਾ ਤਾਂ ਕੋਰਟ ਨੇ ਕਰਨਾ ਹੈ ਪਰ ਵਕੀਲਾਂ ਵਲੋਂ ਦਿੱਤੇ ਤਰਕਾਂ ਦਾ ਸਮਾਜ ਤੇ ਕੀ ਪ੍ਰਭਾਵ ਪਵੇਗਾ ਮੈਂ ਇਸ ਲੇਖ ਵਿੱਚ ਉਸ ਦਾ ਵਿਸ਼ਲੇਸ਼ਣ ਕਰਾਗਾਂ।

ਵਿਆਹ ਕੀ ਹੈ: ਜੇ ਦੇਖੋ ਤਾਂ ਕੋਈ ਭੀ ਜੀਵ ਜੰਤੂ ਇਕੱਲਾ ਨਹੀ ਰਹਿ ਸਕਦਾ ਕੀੜੇ ਮਕੌੜੇ, ਜਾਨਵਰ ਅਤੇ ਪਸ਼ੂ ਸਾਰੇ ਝੁੰਡਾ ਵਿੱਚ ਰਹਿੰਦੇ ਹਨ। ਇਨਸਾਨ ਪਰਿਵਾਰ, ਬਸਤੀਆਂ, ਪਿੰਡਾਂ, ਸ਼ਹਿਰਾਂ ਵਿੱਚ ਰਹਿੰਦੇ ਹਨ। ਭਾਵ ਜੀਵਾਂ ਦੀ ਇਹ ਫਿਤਰਤ ਹੈ ਕਿ ਇਕੱਠੇ ਰਹਿਣਾ। ਇਸ ਕਰਕੇ ਇੱਕ ਕਹਾਵਤ ਬਣੀ ਹੈ " ਰੋਹੀ ਵਿੱਚ ਇੱਕਲਾ ਰੁੱਖ ਵੀ ਨਾ ਹੋਵੇ" ਇਨਸਾਨ ਦਿਮਾਗੀ ਤੋਰ ਤੇ ਸਭ ਤੋ ਜਿਆਦਾ ਸਿਆਣਾ ਹੈ ਜਿਸ ਨੇ ਇੱਕਲ ਤੋੜਨ ਅਤੇ ਚੰਗੇ ਮਾੜੇ ਦਿਨਾਂ ਵਿੱਚ ਇੱਕ ਦੂਜੇ ਦਾ ਸਹਾਰਾ ਬਣਨ ਲਈ ਵਿਆਹ ਦਾ ਰਸਤਾ ਅਪਨਾਇਆ ਹੈ ਜਿਸਦਾ ਮਤਲਬ ਇੱਕਲ ਤੋੜਨ ਦੇ ਨਾਲ ਨਾਲ ਪੀੜ੍ਹੀ ਨੂੰ ਅੱਗੇ ਵਧਾਉਣਾ। ਯਾਨੀ ਆਪਣੇਬੱਚੇ ਪੈਦਾ ਕਰਨੇ ਜੋ ਅੱਗੇ ਬੁਢਾਪੇ ਵਿੱਚ ਮਾਂ ਪਿਉ ਦੀ ਦੇਖਭਾਲ ਕਰਨ। ਪਰ ਪੜ੍ਹੀ ਲਿਖੀ ਆਪਣੇ ਆਪ ਨੂੰ ਅਗਾਂਹ ਵਧੂ ਸੋਚ ਅਖਵਾਉਣ ਵਾਲੀ ਪੀੜ੍ਹੀ ਨੇ ਸਮਾਜਕ ਤਾਣੇ ਬਾਣੇ ਦੀਆਂ ਜੜ੍ਹਾਂਹਿਲਾ ਕਿ ਰੱਖ ਦਿੱਤੀਆਂ ਹਨ, ਜਿਸ ਵਿੱਚ ਮੈਂ ਤੋ ਬਿਨ੍ਹਾਂ ਕੁਝ ਵੀ ਨਹੀ ਜਿਸ ਵਿੱਚ ਮੈਂ ਹੀ ਸਭ ਤੋ ਸਿਆਣਾ ਹਾਂ ਅਤੇ ਸਾਰੀ ਸਰਿਸ਼ਟੀ ਮੇਰੀ ਸਹੂਲਤ ਲਈ ਕੰਮ ਕਰੇ ਅਤੇ ਮੇਰੇ ਇਸ਼ਾਰਿਆਂ ਉੱਪਰ ਚੱਲੇ। ਆਪਾਂ ਗੱਲ ਕਰ ਰਹੇ ਸੀ ਵਿਆਹ ਦੀ ਜਾਂ ਪਤੀ ਪਤਨੀ ਦੇ ਰਿਸ਼ਤੇ ਦੀ ਸੁਪਰੀਮ ਕੋਰਟ ਦੇ ਮਸ਼ਹੂਰ ਜੱਜ, ਵੀਆਰ ਕਰਿਸ਼ਨਾ ਆਈਅਰ ਨੇ ਵਿਆਹ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ, ਕਿ ਇਹ ਰਿਸ਼ਤਾ ਹੱਡੀਆਂ ਨਾਲ ਹੱਡੀਆਂ ਦਾ, ਮਾਸ ਦਾ ਮਾਸ ਨਾਲ ਅਤੇ ਖੂਨ ਦਾ ਖੂਨ ਨਾਲ ਹੈ। ਇਸ ਤਰ੍ਹਾਂ ਦੇ ਰਿਸ਼ਤੇ ਵਿੱਚ ਬਲਾਤਕਾਰ ਦਾ ਕਿਹੜਾ ਸਥਾਨ ਹੈ।

ਇਨਸਾਨੀ ਲੋੜਾਂ: ਅਮਰੀਕਨ ਬੁੱਧੀਜੀਵੀ ਅਬਰਾਹਮ ਮੈਸਲੋ ਨੇ 1943 ਵਿੱਚ ਇੱਕ ਪ੍ਰੋਤਸਾਹਨ (ਮੋਟੀਵੇਸ਼ਨ) ਥਿਊਰੀ ਦਿਤੀ ਸੀ ਜਿਸ ਵਿਚ ਉਸ ਨੇ ਇਨਸਾਨ ਦੀਆਂ ਜਰੂਰਤਾਂ ਨੂੰ ਪੰਜ ਭਾਗਾਂ ਵਿੱਚ ਵੰਡਿਆਂ ਹੈ ਅਤੇ ਜਿਵੇਂ ਜਿਵੇਂ ਬੁਨਿਆਦੀ ਲੋੜਾਂ ਪੂਰੀਆਂ ਹੁੰਦੀਆਂ ਜਾਂਦੀਆਂ ਹਨ। ਉਹ ਇਨਸਾਨ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕਰਦੀਆਂ ਹਨ ਅਤੇ ਉਹ ਤਰੱਕੀ ਕਰਦਾ ਹੈ। ਮੈਸਲੋ ਮੁਤਾਬਕ ਬੁਨਿਆਦੀ ਲੋੜਾਂ ਵਿੱਚ ਹਵਾ, ਪਾਣੀ, ਖੁਰਾਕ, ਕੱਪੜੇ, ਘਰ ਅਤੇ ਸੰਭੋਗ ਆਉਂਦੇ ਹਨ। ਦੂਜੇ ਭਾਗ ਵਿੱਚ ਸਿਹਤ, ਪੈਸੇ ਵਲੋਂ (ਫਾਇਨੇਸ਼ਲ) ਅਤੇ ਇਮੋਸ਼ਨਲ ਸੁਰੱਖਿਆ। ਤੀਜੇ ਭਾਗ ਵਿੱਚ ਪਿਆਰ ਅਤੇ ਸਮਾਜਿਕ ਆਪਣਾ-ਪਣਭਾਵ ਤੁਹਾਨੂੰ ਸਮਾਜ ਵਿੱਚ ਚੰਗੀ ਨਜ਼ਰ ਨਾਲ ਵੇਖਿਆ ਜਾਵੇ। ਚੌਥੈ ਭਾਗ ਵਿੱਚ ਇਨਸਾਨ ਦੀ ਸਮਾਜ ਵਿੱਚ ਇੱਜਤ ਅਤੇ ਸਲਾਹੁਤਾ ਜਿਸ ਵਿੱਚ ਸਵੈਮਾਣ ਅਤੇ ਰੁੱਤਬਾ ਭੀ ਆਉਂਦਾ ਹੈ।ਜਦ ਇਨਸਾਨ ਦੀਆਂ ਉਪਰੋਕਤ ਜਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਸ ਦੀ ਇੱਛਾ ਹੁੰਦੀ ਹੈ ਕਿ ਉਹ ਕੋਈ ਅਜਿਹਾ ਕੰਮ ਕਰੇ ਕਿ ਲੋਕ ਉਸ ਨੂੰ ਆਉਣ ਵਾਲੇ ਸਮੇਂ ਵਿੱਚ ਯਾਦ ਕਰਨ।

ਮੇਰਾ ਉਪਰੋਕਤ ਥਿਊਰੀ ਦਾ ਵਿਸ਼ਲੇਸ਼ਣ ਕਰਨ ਦਾ ਮਕਸਦ ਸੀ ਕਿ ਇਨਸਾਨ ਚਲਦਾ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋ ਹੈ ਅਤੇ ਜਿਵੇਂ ਜਿਵੇਂ ਇਹ ਲੋੜਾਂ ਪੂਰੀਆਂ ਹੁੰਦੀਆਂ ਜਾਂਦੀਆਂ ਹਨ ਇਨਸਾਨ ਦੀ ਹੋਰ ਉੱਪਰ ਉਠਣ ਦੀ ਲਾਲਸਾ ਵੱਧਦੀ ਜਾਂਦੀ ਹੈ।ਇਹ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਅਤੇ ਤਰੱਕੀ ਲਈ ਇਨਸਾਨ ਜੀਵਨ ਸਾਥੀ ਦੀ ਤਲਾਸ਼ ਕਰਦਾ ਹੈ। ਜੀਵਨ ਸਾਥੀ ਦੀ ਤਲਾਸ਼ ਵੇਲੇ ਇਕ ਦੂਜੇ ਵਿੱਚ ਉਪਰੋਕਤ ਸਾਰੀਆਂ ਹੀ ਲੋੜਾਂ ਪਰਖੀਆਂ ਜਾਂਦੀਆਂ ਹਨ ਕਿ ਹੋਣ ਵਾਲਾ ਜੀਵਨ ਸਾਥੀ ਚੋਣ ਵੇਲੇ ਕਿਥੇ ਖੜਾ ਹੈ ਅਤੇ ਉਸ ਵਿੱਚ ਤਰੱਕੀ ਕਰਨ ਦੀ ਕਿੰਨੀ ਕੁ ਸਮਰੱਥਾ ਹੈ।


ਜੀਵਨਸਾਥੀ ਜਾਂ ਦੁਸ਼ਮਣ:- ਜਦੋ ਲੜਕਾ ਜਾਂ ਲੜਕੀ ਜਵਾਨ ਹੁੰਦੇ ਹਨ ਤਾਂ ਉਹਨਾਂ ਦੇ ਮਾਂ ਬਾਪ ਲੜਕੇ ਲੜਕੀ ਲਈ ਜੀਵਨ ਸਾਥੀ ਦੀ ਤਲਾਸ਼ ਕਰਦੇ ਹਨ ਕੋਈ ਰਿਸ਼ਤੇਦਾਰ/ਅਖਬਾਰ ਜਾਂ ਵਿਚੋਲੇ ਵਲੋਂ ਜਿਥੇ ਕਿਤੇ ਦੱਸ ਪੈਂਦੀ ਹੈ ਪਹਿਲਾਂ ਮਾਂ ਬਾਪ ਇਕ ਦੂਜੇ ਨੂੰ ਮਿਲਦੇ ਹਨ ਜੇ ਉਹਨਾਂ ਨੂੰ ਠੀਕ ਲਗਦਾ ਹੈ ਤਾਂ ਲੜਕੇ ਲੜਕੀ ਨੂੰ ਭੀ ਮਿਲਾਇਆ ਜਾਂਦਾ ਹੈ। ਜਦੋਂ ਦੋਨੋਂ ਪਾਸਿਆਂ ਦੀ ਤਸੱਲੀ ਹੋ ਜਾਂਦੀ ਹੈ ਕਿ ਸਾਨੂੰ ਇਸ ਤੋ ਚੰਗਾਂ ਰਿਸ਼ਤਾ ਨਹੀ ਮਿਲਣਾ ਤਾਂ ਗੱਲਬਾਤ ਪੱਕੀ ਹੋ ਜਾਂਦੀ ਹੈ। ਗੱਲਬਾਤ ਪੱਕੀ ਹੋਣ ਅਤੇ ਸ਼ਾਦੀ ਵਿੱਚ ਕਾਫੀ ਸਮਾਂ ਹੁੰਦਾ ਹੈ ਜਿਸ ਵਿੱਚ ਲੜਕਾ ਲੜਕੀ ਟੈਲੀਫੋਨ ਤੇ ਗੱਲਬਾਤ ਕਰਦੇ ਰਹਿੰਦੇ ਹਨ ਅਤੇ ਇਕ ਦੂਜੇ ਦੇ ਘਰ ਬਾਰ ਅਤੇ ਵਿਚਾਰ ਜਾਨਣ ਦਾ ਕਾਫੀ ਮੌਕਾ ਮਿਲ ਜਾਂਦਾ ਹੈ। ਜਿਹੜੇ ਬੱਚੇ ਪ੍ਰੇਮ ਵਿਆਹ ਕਰਦੇ ਹਨ ਉਹ ਤਾਂ ਇਕ ਦੂਜੇ ਨੰ ਪਹਿਲਾਂ ਹੀ ਜਾਣਦੇ ਹੁੰਦੇ ਹਨ। ਅੱਜ ਕੱਲ ਵਿਆਹ ਵੇਲੇ ਬਹੁਤੇ ਲੜਕੇ ਅਤੇ ਲੜਕੀਆਂ ਦੀ ਉਮਰ 25 ਤੋਂ 30 ਸਾਲ ਦੇ ਵਿੱਚ ਹੁੰਦੀ ਹੈ । ਮੇਰਾ ਭਾਵ ਹੈ ਉਹਨਾਂ ਨੂੰ ਦੁਨੀਆਂਦਾਰੀ ਦੀ ਪੂਰੀ ਸੂਝ ਬੂਝ ਹੁੰਦੀ ਹੈ ਅਤੇ ਉਹ ਆਪਣਾ ਚੰਗਾ ਮਾੜਾ ਸੋਚ ਸਕਦੇ ਹਨ। ਇਕ ਦੂਜੇ ਨਾਲ ਕਿਵੇਂ ਅਡਜਸਟ ਕਰਨਾ ਹੈ ਕਿਉਂਕਿ 25-30 ਸਾਲ ਦੀ ਉਮਰ ਤੱਕ ਸੂਝਵਾਨ ਇਨਸਾਨ ਨੂੰ ਇਤਨਾ ਕੁ ਪਤਾ ਲੱਗ ਹੀ ਜਾਣਾ ਚਾਹੀਦਾ ਹੈ ਕਿ ਜਿੰਦਗੀ ਸਿਰਫ ਤੁਹਾਡੀ ਸੋਚ ਮੁਤਾਬਕ ਹੀ ਨਹੀ ਚਲਦੀ ਸਰਿਸ਼ਟੀ ਵਿੱਚ ਬਾਕੀ ਵੀ ਜੀਵ ਜੰਤੂ ਹਨ। ਹਰ ਇਕ ਨੇ ਆਪਣੀ ਹੋਂਦ ਵਿਖਾਉਣੀ ਹੈ ਅਤੇ ਇਸ ਸੰਸਾਰ ਵਿੱਚ ਤੁਹਾਨੂੰ ਪਹਿਲਾਂ ਆਪਣੇ ਆਪ ਨੂੰ ਢਾਲਣਾ ਪਵੇਗਾ ਅਤੇ ਫਿਰ ਜਿੱਥੇ ਕਿਤੇ ਬਦਲਾਅ ਦੀ ਲੋੜ ਹੈ ਉਹ ਠਰਮੇ ਅਤੇ ਪਿਆਰ ਨਾਲ ਲਿਆਂਦਾ ਜਾ ਸਕਦਾ ਹੈ ਲੜਾਈ ਝਗੜੇ ਨਾਲ ਨਹੀਂ। ਕਾਨੂੰਨ ਵੀ ਉਹਨਾਂ ਚਿਰ ਸਾਰਥਕ ਨਹੀ ਹੁੰਦੇ ਜਿੰਨਾ ਚਿਰ ਮਾਨਸਿਕ ਬਦਲਾਅ ਨਹੀ ਆਉਂਦਾ।

ਇਤਨੀ ਜਾਣਕਾਰੀ ਹੋਣ ਤੇ ਆਪਣੀ ਮਰਜ਼ੀ ਨਾਲ ਅਤੇ ਖੁਸ਼ੀ ਖੁਸ਼ੀ ਵਿਆਹ ਰਚਾਇਆ ਜਾਂਦਾ ਹੈ ਅਤੇ ਵੱਖ ਵੱਖ ਰਸਮਾਂ ਦੀਆਂ ਵਿਡਿਓ ਦੇਖਣ ਵਾਲੀਆਂ ਹੁੰਦੀਆਂ ਹਨ ਕਿਵੇਂ ਸੱਜ ਧੱਜ ਕੇ ਇਕ ਦੂਜੇ ਨਾਲ ਜੱਫੀਆਂ ਪੈਂਦੀਆਂ ਹਨ ਅਤੇ ਸ਼ਗਨ ਸਾਰ ਹੁੰਦੇ ਹਨ। ਪਰ ਜਦੋਂ ਕਿਤੇ ਕਿਸੇ ਜੋੜੇ ਵਿੱਚ ਕਿਸੇ ਗੱਲੋਂ ਬੇਵਿਸ਼ਵਾਸ਼ੀ ਹੋ ਜਾਏ ਤਾਂ ਗੱਲ ਵੱਧਦੀ ਵੱਧਦੀ ਇਥੋਂ ਤੱਕ ਪਹੁੰਚ ਜਾਂਦੀ ਹੈ ਅਤੇ ਇਲਜ਼ਾਮ ਇਤਨੇ ਬੇਹੂਦਾ ਅਤੇ ਅਣਸੁਣੇ ਲੱਗਦੇ ਹਨ ਕਿ ਉਹ ਬਹੁਤੀ ਵੇਰ ਕਿਸੇ ਨੂੰ ਦੱਸਣ ਯੋਗ ਭੀ ਨਹੀ ਹੁੰਦੇ। ਉਹ ਅਸਲੀਅਤ ਛੱਡ ਕੇ ਰੱਜ ਕੇ ਝੂਠ ਲਿਖਾਉਂਦਾ ਹੈ ਕਿ ਦੂਜੇ ਪਾਸੇ ਵਾਲੇ ਦੀ ਜਮਾਨਤ ਭੀ ਨਾ ਹੋਵੇ ਸਿੱਧਾ ਜੇਲ ਵਿੱਚ ਹੀ ਜਾਵੇ। ਇਸ ਸਾਰੇ ਦੇ ਵਿੱਚ ਦੋਨੋਂ ਪਾਸਿਆਂ ਵਿੱਚ ਕੁੜੱਤਣ ਇਤਨੀ ਵੱਧ ਜਾਂਦੀ ਹੈ ਕਿ ਦੋਨੋਂ ਧਿਰਾਂ ਇਕ ਦੂਜੇ ਦੀਆਂ ਜਾਨੀ ਦੁਸ਼ਮਣ ਬਣ ਜਾਂਦੀਆਂ ਹਨ। ਸਾਲਾਂ ਬੱਧੀ ਠਾਣਿਆਂ ਅਤੇ ਕਚਿਹਰੀਆਂ ਵਿੱਚ ਧੱਕੇ ਖਾ ਕੇ ਅਤੇ ਸਮਾਜ ਵਿੱਚ ਬਦਨਾਮੀ ਕਰਵਾਕੇ ਅਖੀਰ ਵਿੱਚ ਫੈਸਲਾ ਪੈਸੇ ਦੇ ਲੈਣ ਦੇਣ ਨਾਲ ਹੋ ਜਾਂਦਾ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਨਸਾਨੀ ਕਦਰਾਂ ਕੀਮਤਾਂ ਨਾਲੋਂ ਸਿਰਫ ਪੈਸਾ ਹੀ ਮੁੱਖ ਰਹਿ ਗਿਆ। ਪਹਿਲੀ ਗੱਲ ਤਾਂ ਇਹ ਹੈ ਕਿ ਮੁੰਡੇ ਕੁੜੀ ਨੂੰ ਵਿਆਹ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਿਆਹ ਤੋ ਪਹਿਲਾ ਤੁਹਾਡੀ ਜਿੰਦਗੀ ਇੱਕਲੇ ਦੀ ਸੀ ਪਰ ਵਿਆਹ ਤੋਂ ਬਾਅਦ ਤੁਹਾਡੇ ਜੀਵਨ ਸਾਥੀ ਨੂੰ ਭੀ ਤੁਹਾਡੇ ਤੋ ਬੜੀਆਂ ਆਸਾਂ ਉਮੀਦਾਂ ਹੁੰਦੀਆਂ ਹਨ ਅਤੇ ਤੁਹਾਨੂੰ ਆਪਣੇ ਜੀਵਨ ਸਾਥੀ ਮੁਤਾਬਕ ਭੀ ਆਪਣੇ ਆਪ ਨੂੰ ਢਾਲਣਾ ਪਵੇਗਾ। ਜੇ ਇਤਨੀ ਸੋਚ ਸ਼ਕਤੀ , ਸਮਝ ਅਤੇ ਆਪਣੇ ਆਪ ਵਿੱਚ ਬਦਲਾਅ ਲਿਆਉਣ ਦੀ ਸਮਰਥਾ ਹੈ ਤਾਂ ਵਿਆਹ ਦੇ ਬੰਧਨ ਵਿੱਚ ਬੱਝੋ ਨਹੀਂ ਤਾਂ ਐਵੇ ਹੀ ਨਾ ਦੂਜੇ ਘਰ ਨੂੰ ਬਰਬਾਦ ਕਰੋ।

ਸੈਕਸ਼ਨ 375 ਦੇ ਬਦਲਾਅ ਦਾ ਅਮਲੀ ਪੱਖ: ਅਪੀਲ ਕਰਤਾ ਜੋ ਸੈਕਸ਼ਨ 375 ਵਿੱਚ ਬਦਲਾਅ ਚਾਹੁੰਦੇ ਹਨ ਉਸ ਦਾ ਅਮਲੀ ਤੋਰ ਤੇ ਕੀ ਅਸਰ ਹੋਵੇਗਾ। ਜਿਥੇ ਕਿਤੇ ਕਿਸੇ ਵਜ੍ਹਾਂ ਕਰਕੇ ਪਤੀ ਪਤਨੀ ਵਿੱਚ ਅਣਬਣ ਹੋ ਗਈਤਾਂ ਸਮਝੋ ਬੰਦਾ ਸਿੱਧਾ ਘੱਟੋ ਘੱਟ ਦਸ ਸਾਲ ਲਈ ਅੰਦਰ। ਪਤੀ ਪਤਨੀ ਨੇ ਇੱਕ ਘਰ ਵਿੱਚ ਇਕ ਛੱਤ ਹੇਠਾਂ ਰਹਿਣਾ ਹੈ। ਇਸ ਲਈਬਲਾਤਕਾਰ ਨੂੰ ਸਾਬਤ ਕਰਨ ਲਈ ਕਿਸੇ ਗਵਾਹ ਦੀ ਲੋੜ ਨਹੀ ਕਿਉਂਕਿ ਇਸ ਦਾ ਗਵਾਹ ਕੋਈ ਹੋ ਹੀ ਨਹੀ ਸਕਦਾ। ਸਿਰਫ ਇਕ ਧਿਰ ਵਲੋਂ ਇਕ ਅਰਜ਼ੀ ਦੇਣ ਦੀ ਲੋੜ ਹੈ। ਵਿਆਹੁਤਾ ਜੀਵਨ ਦੇ ਝਗੜੇ ਵਿੱਚ ਬਾਕੀ ਜੋ ਧਾਰਾਵਾਂ ਜਿਵੇਂ ਕੇ ਦਹੇਜ ਮੰਗਣ ਜਾਂ ਦਹੇਜ ਖਾਤਰ ਤੰਗ ਕਰਨ ਵਾਲ਼ੀਆਂ ਹੁੰਦੀਆਂ ਹਨ, ਉਹਨਾਂ ਨੂੰ ਸਾਬਤ ਕਰਨ ਲਈ ਕੁਝ ਸਬੂਤ ਦੇਣੇ ਪੈਂਦੇ ਹਨ। ਜੇ ਕੋਰਟ ਵਲੋਂ ਇਹ ਕਾਨੂੰਨ ਅਪੀਲ ਕਰਤਾ ਮੁਤਾਬਕ ਬਦਲਿਆ ਜਾਂਦਾ ਹੈ ਤਾਂ ਇਸ ਨਾਲ ਸੱਭਿਅਕ ਸਮਾਜਨੇ ਵਿਆਹ ਦਾ ਜੋ ਪਵਿੱਤਰ ਰਿਸ਼ਤਾ ਕਾਇਮ ਕੀਤਾ ਹੈ ਉਹ ਤਹਿਸ ਨਹਿਸ ਹੋ ਜਾਵੇਗਾ। ਨੌਜਵਾਨ ਵਿਆਹ ਨਾਲੋਂ ਲਿਵਇਨ ਰਿਲੇਸ਼ਨਸ਼ਿਪ ਨੂੰ ਤਰਜੀਹ ਦੇਵੇਗਾ ਜਿਸ ਨੂੰ ਅੱਜ ਸਮਾਜ ਵਿੱਚ ਚੰਗੀ ਨਜ਼ਰ ਨਾਲ ਨਹੀਂ ਦੇਖਿਆ ਜਾਂਦਾ। ਸੋ ਇਸ ਅਪੀਲ ਤੇ ਫੈਸਲਾ ਇਨਸਾਨੀ ਜਰੂਰਤ ਅਤੇ ਵਿਆਹ ਦੇ ਪਵਿੱਤਰ ਰਿਸ਼ਤੇ ਨੂੰ ਧਿਆਨ ਵਿੱਚ ਰੱਖ ਕੇ ਲੈਣਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਲਾਈਫ ਅਤੇ ਲਿਬਰਟੀ ਇਕੱਲੇ ਦੀ ਨਹੀਂ, ਵਿਆਹ ਤੋ ਬਾਅਦ ਦੋ ਇਨਸਾਨਾ ਦੀ ਇਕੱਠੀ ਇਕ ਦੂਜੇ ਤੇ ਨਿਰਭਰ ਕਰਦੀ ਹੈ।

# ਸਿਆਸਤ, ਸਿੱਖਿਆ, ਸਿਹਤ ਤੇ ਭ੍ਰਿਸ਼ਟਾਚਾਰ





ਜਸਵਿੰਦਰ ਸਿੰਘ ਭੁਲੇਰੀਆ

ਪੰਜਾਬ ਦੇ ਲੋਕਾਂ ਇਸ ਵਾਰ ਪੂਰਾ ਮਨ ਬਣਾ ਕੇ ਰਵਾਇਤੀ ਪਾਰਟੀਆਂ ਨੂੰ ਪਾਸੇ ਕਰਕੇ ਆਮ ਪਾਰਟੀ ਨੂੰ ਇਕ ਮੌਕਾ ਦਿੱਤਾ ਹੈ। ਜਿਸ ਕਰਕੇ ਹੁਣ ਪੰਜਾਬ ਨੂੰ ਨਵੀਂ ਲੀਡਰਸ਼ਿਪ ਮਿਲ ਗਈ ਹੈ। ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵਾਅਦੇ ਵੀ ਬਥੇਰੇ ਕੀਤੇ ਹਨ। ਇਸ ਪਾਰਟੀ ਦੇ ਦਾਅਵੇ ਵੀ ਬਹੁਤ ਉਤੇ ਹਨ। ਜੇ ਸੱਚ ਪੁੱਛੋਂ ਤਾਂ ਬਹੁਤੇ ਲੋਕਾਂ ਨੇ ਲਾਲਚ ਦੇ ਅਧੀਨ ਹੋ ਕੇ ਹੀ ਵੋਟ ਆਮ ਪਾਰਟੀ ਦੇ ਹੱਕ ਵਿੱਚ ਭੁਗਤਾ ਦਿੱਤੀ ਹੈ। ਲੋਕ ਭਗਵੰਤ ਮਾਨ ਤੋਂ ਆਸ ਕਰ ਰਹੇ ਹਨ ਕਿ ਪੰਜਾਬ ਦੀ ਲੀਹੋਂ ਲੱਥੀ ਗੱਡੀ ਨੂੰ ਹੋ ਸਕਦਾ ਹੈ ਉਪਰ ਚੜ੍ਹਾ ਦੇਵੇ। ਉਂਝ, ਇਸ ਗੱਲ ਦਾ ਧਿਆਨ ਵੀ ਰੱਖਣਾ ਪਵੇਗਾ ਕਿ ਡਾਵਾਂਡੋਲ ਹੋਇਆ ਸਿਸਟਮ ਜਾਦੂ ਦੀ ਛੜੀ ਘੁਮਾਉਣ ਵਾਂਗ ਇਕ ਹੀ ਪਲ ਅੰਦਰ ਠੀਕ ਨਹੀਂ ਹੋ ਸਕਦਾ। ਇਸ ਲਈ ਨਵੀਂ ਸਰਕਾਰ ਨੂੰ ਕੁਝ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ। ਜੇ ਕਰ ਗੱਲ ਕਰੀਏ ਸਿੱਖਿਆ ਦੀ ਤਾਂ ਪੰਜਾਬ ਵਿੱਚ ਸਿੱਖਿਆ ਦਾ ਮਿਆਰ ਬਹੁਤ ਥਲੇ ਡਿੱਗ ਚੁਕਾ ਹੈ .ਸਰਕਾਰੀ ਸਕੂਲਾਂ ਦਾ ਹਾਲ ਤਾਂ ਇਨਾਂ ਕੁ ਮਾੜਾ ਹੈ। ਕੋਈ ਵੀ ਸਕੂਲ ਇਹੋ ਜਿਹਾ ਨਹੀਂ ਹੋਵੇਗਾ ਜਿਥੇ ਸਟਾਫ ਪੂਰਾ ਹੋਵੇ। ਫਿਰ ਅਧਿਆਪਕਾਂ ਨੂੰ ਬੀ ਐਲ ਓ ਦੀਆਂ ਡਿਊਟੀਆਂ ਵੀ ਸੋਪੀਆਂ ਹੋਈਆਂ ਹਨ । ਟੀਚਿੰਗ ਨਾਲੋਂ ਨੌਂਨ ਟੀਚਿੰਗ ਕੰਮ ਜਿਆਦਾ ਕਰਵਾਇਆ ਜਾਂਦਾ ਹੈ। ਸਕੂਲਾਂ ਨੂੰ ਰੰਗ ਕਰਨ ਨਾਲ ਸਿੱਖਿਆ ਦਾ ਸੁਧਾਰ ਨਹੀਂ ਹੋ ਸਕਦਾ। ਇੱਕ ਸਭ ਤੋਂ ਵੱਡੀ ਸਰਕਾਰੀ ਸਕੂਲਾਂ ਵਿਚ ਮਿਡ ਡੇ ਮੀਲ ਮੁਸੀਬਤ ਬਣੀ ਹੋਈ ਹੈ। ਸਾਰੇ ਸਟਾਫ ਦਾ ਧਿਆਨ ਬੱਚਿਆਂ ਨੂੰ ਭੋਜਨ ਖੁਆਉਣ ਤੇ ਹੀ ਲੱਗਾ ਰਹਿੰਦਾ ਹੈ .ਬੱਚਿਆਂ ਦਾ ਸਮੇ ਸਾਰਣੀ ਨਾਲ ਕੋਈ ਲੈਣ ਦੇਣ ਨਹੀਂ ਹੈ . ਸਵੇਰ ਦੀ ਸਭਾ ਵਿੱਚ ਬਹੁਤੇ ਬੱਚੇ ਤਾਂ ਸ਼ਾਮਲ ਹੀ ਨਹੀਂ ਹੁੰਦੇ .ਬੋਰਡ ਤੇ ਹਾਜ਼ਰੀ ਲਾਉਣ ਤੋਂ ਕਲਾਸ ਇੰਚਾਰਜ ਝਿਝਕਦੇ ਹਨ। ਜਿਲ੍ਹਾ ਸਿੱਖਿਆ ਅਫ਼ੀਸਰਾਂ ਨੂੰ ਚਾਹੀਦਾ ਹੈ ਕਿ ਸਕੂਲਾਂ ਤੇ ਨਿਗਰਾਨ ਟੀਮਾਂ ਨਿਰੰਤਰ ਭੇਜਦੇ ਰਹਿਣਾ ਚਾਹੀਦਾ ਹੈ। ਜਿਹੜੇ ਵਿਸ਼ੇ ਦੇ ਅਧਿਆਪਕ ਹੋਵੇ ਉਸ ਨੂੰ ਉਹੀ ਵਿਸ਼ਾ ਪੜ੍ਹਾਉਣ ਲਈ ਕਿਹਾ ਜਾਵੇ। ਬਹੁਤੇ ਸਕੂਲਾਂ ਵਿੱਚ ਇੱਕ ਇੱਕ ਅਧਿਆਪਕ ਕਈ ਕਈ ਵਿਸ਼ੇ ਪੜ੍ਹਾ ਰਹੇ ਹਨ। ਸਕੂਲਾਂ ਦਾ ਸਿਸਟਮ ਇੱਕ ਦਿਨ ਵਿੱਚ ਨਹੀਂ ਸੁਧਰਨ ਵਾਲਾ। ਜਿਸ ਕਰਕੇ ਬਹੁਤੇ ਮਾਪਿਆਂ ਨੇ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੀ ਪਹਿਲ ਦਿਤੀ ਹੈ। ਬੇਸ਼ਕ ਸਰਕਾਰੀ ਸਕੂਲਾਂ ਵਿੱਚ ਫੀਸਾਂ ਨਾ ਮਾਤਰ ਹਨ ਪਰ ਫਿਰ ਮਾਪੇ ਇਹਨਾਂ ਤੋਂ ਕੰਨੀ ਕਤਰਾਉਂਦੇ ਹਨ। ਸਰਕਾਰੀ ਹਸਪਤਾਲ ਦਾ ਤਾਂ ਬੇੜਾ ਹੀ ਗਰਕ ਹੋਇਆ ਪਿਆ ਹੈ। ਗੰਦਗੀ ਇੰਨੀ ਜਿਆਦਾ ਫੈਲੀ ਹੁੰਦੀ ਹੈ ਕਿ ਮਰੀਜ਼ ਉਥੇ ਜਾਨ ਤੋਂ ਮਰ ਜਾਣਾ ਚੰਗਾ ਤੇ ਬੇਹਤਰ ਸਮਝਦਾ ਹੈ । ਸਟਾਫ ਹਾਜ਼ਰ ਹੋਣ ਦੀ ਬਜਾਏ ਵੀ ਮਰੀਜ਼ਾ ਨਾਲ ਚੰਗਾ ਵਿਵਹਾਰ ਨਹੀਂ ਕਰਦੇ। ਫਿਰ ਛੋਟੀ ਤੋਂ ਛੋਟੀ ਦਵਾਈ ਵੀ ਲਿਖ ਦਿੰਦੇ ਹਨ ਕਿ ਬਾਹਰੋਂ ਲਿਆਓ। ਹਸਤਪਤਾਲਾਂ ਦੇ ਬਾਹਰ ਦੁਕਾਨਾਂ ਨਾਲ ਇਹਨਾਂ ਮੈਡੀਕਲ ਅਫ਼ੀਸਰਾਂ ਦਾ ਕੰਟਰੈਕਟ ਹੁੰਦਾ ਹੈ। ਇਹਨਾਂ ਨੂੰ ਨੱਥ ਕਿਵੇਂ ਪਵੇਗੀ ਹੁਣ ਸੋਚਣਾ ਪੈ ਰਿਹਾ ਹੈ। ਭ੍ਰਿਸ਼ਟਾਚਾਰ ਨੇ ਤਾਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ ਹਨ। ਭਗਵੰਤ ਮਾਨ ਜੀ ਕਹਿੰਦੇ ਹਨ ਕਿ ਰਿਸ਼ਵਤ ਦੇ ਦੀਓ ਤੇ ਨਾਲ ਰਿਕਾਰਡਿੰਗ ਕਰ ਲਓ। ਹੁਣ ਰਿਸ਼ਵਤ ਸਿਧਿ ਨਹੀਂ ਵਿਚੋਲਿਆਂ ਰਹੀ ਲਈ ਜਾਂਦੀ ਹੈ। ਠਾਣੇ ਦੇ ਬਾਹਰ ਚਾਹ ਵਾਲੇ,ਤਹਿਸੀਲਾਂ ਵਿੱਚ ਅਰਜ਼ੀ ਨਵੀਸਾਂ ਰਾਹੀਂ। ਪਟਵਾਰੀ ਆਪਣੇ ਕਰਿੰਦਿਆਂ ਰਾਹੀਂ ਤੇ ਜੱਜ ਆਪਣੇ ਰੀਡਰਾਂ ਰਾਹੀਂ ਤੇ ਵਕੀਲਾਂ ਰਾਹੀਂ ਲੈ ਰਹੇ ਹਨ। ਫਿਰ ਰਿਕਾਰਡਿੰਗ ਕਿਵੇਂ ਹੋਵੇਗੀ। ਬਹੁਤ ਮੁਸ਼ਕਿਲ ਵਾਲੀ ਗੱਲ ਹੈ। ਰਿਸ਼ਵਤ ਲੈਣ ਵਾਲਿਆਂ ਦਾ ਮੂੰਹ ਢੱਕਣਾ ਨਹੀਂ ਚਾਹੀਦਾ ਸਗੋਂ ਚਿਹਰਾ ਨੰਗਾ ਕਰਨਾ ਚਾਹੀਦਾ ਹੈ। ਰਿਸ਼ਵਤ ਲੈਣ ਵਾਲਾ ਫੜੇ ਜਾਣ ਤੋਂ ਬਾਹਦ ਘਟ ਤੋਂ ਘਟ ਪੰਜ ਸਾਲ ਉਸ ਕੁਰਸੀਆ ਤੇ ਨਹੀਂ ਆਉਣਾ ਚਾਹੀਦਾ। ਹੁੰਦਾ ਕੀ ਹੈ ਅੱਜ ਸਸਪੈਂਡ ਤੇ ਅਗਲੇ ਦਿਨ ਫਿਰ ਉਸੇ ਕੁਰਸੀ ਤੇ ਬਿਰਾਜਮਾਨ ਹੋਏ ਬੈਠੇ ਹੁੰਦੇ ਹਨ। ਸਿਆਸਤ ,ਸਿੱਖਿਆ , ਸਿਹਤ ਤੇ ਭ੍ਰਿਸ਼ਟਾਚਾਰ ਨਾਲ ਅਗਰ ਆਪ ਦੀ ਸਰਕਾਰ ਨਜਿੱਠ ਲਵੇ ਤਾਂ ਪੰਜਾਬ ਆਪਣੇ ਆਪ ਮੁੜ ਲੀਹ ਤੇ ਆ ਜਾਵੇਗਾ।

# ਪੰਜਾਬ ਦੇ ਰਾਜਪਾਲ ਨੇ ਮੰਤਰੀ ਮੰਡਲ ਦੇ 10 ਮੰਤਰੀਆਂ ਨੂੰ ਅਹੁਦੇ ਦਾ ਹਲਫ ਦਿਵਾਇਆ



ਚੰਡੀਗੜ੍ਹ, 20 ਮਾਰਚ (ਗਿਆਨ ਸਿੰਘ)- ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਅੱਜ ਇੱਥੇ ਪੰਜਾਬ ਰਾਜ ਭਵਨ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿਚ ਨਵੇਂ ਬਣੇ 10 ਕੈਬਨਿਟ ਮੰਤਰੀਆਂ ਨੂੰ ਅਹੁਦਾ ਦਾ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ।

ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸੂਬੇ ਦੇ ਮੁੱਖ ਸਕੱਤਰ ਅਨਿਰੁਧ ਤਿਵਾੜੀ ਨੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਚਲਾਈ।

ਪੰਜਾਬ ਰਾਜ ਭਵਨ ਦੇ ਕੰਪਲੈਕਸ ਵਿਚ ਨਵੇਂ ਬਣੇ ਗੁਰੂ ਨਾਨਕ ਦੇਵ ਆਡੀਟੋਰੀਅਮ ਵਿਚ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿਚ ਹਲਫ ਲੈਣ ਵਾਲੇ ਕੈਬਨਿਟ ਮੰਤਰੀਆਂ ਵਿਚ ਦ੍ਰਿੜਬਾ ਤੋਂ ਵਿਧਾਇਕ ਹਰਪਾਲ ਸਿੰਘ ਚੀਮਾ, ਮਲੋਟ ਤੋਂ ਵਿਧਾਇਕ ਡਾ. ਬਲਜੀਤ ਕੌਰ, ਜੰਡਿਆਲਾ ਤੋਂ ਵਿਧਾਇਕ ਹਰਭਜਨ ਸਿੰਘ ਈ.ਟੀ.ਓ., ਮਾਨਸਾ ਤੋਂ ਵਿਧਾਇਕ ਡਾ. ਵਿਜੇ ਸਿੰਗਲਾ, ਭੋਆ ਤੋਂ ਵਿਧਾਇਕ ਲਾਲ ਚੰਦ, ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ, ਅਜਨਾਲਾ ਤੋਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਪੱਟੀ ਤੋਂ ਵਿਧਾਇਕ ਲਾਲਜੀਤ ਸਿੰਘ ਭੁੱਲਰ, ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਹਰਜੋਤ ਸਿੰਘ ਬੈਂਸ ਸ਼ਾਮਲ ਹਨ।


ਇਸ ਮੌਕੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਪ੍ਰੋ-ਟੈਮ ਸਪੀਕਰ ਡਾ. ਇੰਦਰਬੀਰ ਸਿੰਘ ਨਿੱਜਰ ਵੀ ਹਾਜ਼ਰ ਸਨ। ਇਨਾਂ ਤੋਂ ਇਲਾਵਾ ਨਵੇਂ ਚੁਣੇ ਆਪ ਵਿਧਾਇਕ, ਪੰਜਾਬ ਭਰ ਤੋਂ ਸੀਨੀਅਰ ਪਾਰਟੀ ਲੀਡਰ, ਵਰਕਰ ਅਤੇ ਵਾਲੰਟੀਅਰ ਅਤੇ ਵੱਖ-ਵੱਖ ਖੇਤਰ ਦੀਆਂ ਸ਼ਖਸੀਅਤਾਂ ਹਾਜ਼ਰ ਸਨ।

ਸਮਾਗਮ ਵਿਚ ਸਿਵਲ ਤੇ ਪੁਲੀਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਨਵੇਂ ਚੁਣੇ ਕੈਬਨਿਟ ਮੰਤਰੀਆਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਹਾਜ਼ਰ ਸਨ।

# ਮੋਟਰ ਸਾਈਕਲ ਤੇ ਕਾਰ ਦੀ ਟੱਕਰ ਵਿੱਚ ਬੱਚੇ ਦੀ ਮੌਤ

ਸਰਦੂਲਗੜ੍ਹ, 20 ਮਾਰਚ (ਪੋਸਟ ਬਿਊਰੋ)- ਏਥੋਂ ਥੋੜ੍ਹੀ ਦੂਰ ਝੁਨੀਰ ਦੇ ਗੈਸ ਏਜੰਸੀ ਗੋਦਾਮ ਨੇੜੇ ਮੋਟਰ ਸਾਈਕਲ ਅਤੇ ਕਾਰ ਦੀ ਟੱਕਰ ਵਿੱਚ ਇੱਕ ਬੱਚੇ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ।

ਇਸ ਬਾਰੇ ਮ੍ਰਿਤਕ ਦੇ ਪਰਵਾਰਨੇ ਦੱਸਿਆ ਕਿ ਅਰਮਾਨ ਪੁੱਤਰ ਰੋਹੀ ਰਾਮ ਅਤੇ ਮੋਹਨਜੀਤ ਪੁੱਤਰ ਮੱਖਣ ਸਿੰਘ ਦੋਵੇਂ ਮੋਟਰ ਸਾਈਕਲ ਉੱਤੇ ਜਾ ਰਹੇ ਸੀ ਕਿ ਅਚਾਨਕ ਇੱਕ ਕਾਰ ਨਾਲ ਟੱਕਰ ਹੋ ਗਈ। ਜ਼ਖਮੀ ਬੱਚਿਆਂ ਨੂੰ ਐਂਬੂਲੈਂਸ ਰਾਹੀਂ ਸਰਦੂਲਗੜ੍ਹ ਹਸਪਤਾਲ ਲਿਆਂਦਾ ਜਾ ਰਿਹਾ ਸੀ ਕਿ ਹਸਪਤਾਲ ਰੋਡ ਉੱਤੇ ਜਾਮ ਕਾਰਨ ਕਾਫੀ ਸਮਾਂ ਐਂਬੂਲੈਂਸ ਓਥੇ ਫਸੀ ਰਹੀ।ਜੇ ਐਂਬੂਲੈਂਸ ਜਾਮ ਵਿੱਚ ਨਾ ਫਸਦੀ ਤਾਂ ਸ਼ਾਇਦ ਬੱਚਾ ਬਚ ਸਕਦਾ ਸੀ। ਜਾਂਚ ਅਫਸਰ ਨੇ ਦੱਸਿਆ ਕਿ ਅਰਮਾਨ ਤੇ ਮੋਹਨਜੀਤ ਮੋਟਰ ਸਾਈਕਲ ਉੱਤੇ ਜਾ ਰਹੇ ਸੀ ਕਿ ਕਾਰ ਨਾਲ ਟੱਕਰ ਕਾਰਨ ਅਰਮਾਨ ਪੁੱਤਰ ਰੋਹੀ ਰਾਮ ਦੀ ਮੌਤ ਹੋ ਗਈ। ਦੋਵਾਂ ਧਿਰਾਂ ਦਾ ਬਿਨਾਂ ਕਿਸੇ ਦਬਾਅ ਤੋਂ ਸਮਝੌਤਾ ਹੋਣ ਕਾਰਨ 174 ਦੀ ਕਾਰਵਾਈ ਕੀਤੀ ਗਈ ਹੈ।




ਪਰਿਕਰਮਾ ਵਿੱਚ ਔਰਤ ਵੱਲੋਂ ਬੀੜੀ ਪੀਣ ਦਾ ਮਾਮਲਾ

# ਸ਼੍ਰੋਮਣੀ ਕਮੇਟੀਦੇ ਪ੍ਰਧਾਨ ਨੇ 7 ਮੁਲਾਜ਼ਮ ਸਸਪੈਂਡ ਕੀਤੇ, ਤਿੰਨ ਬਦਲੇ

*** ਸੁਲੱਖਣ ਸਿੰਘ ਭੰਗਾਲੀ ਨਵੇਂ ਮੁੱਖ ਮੈਨੇਜਰ ਬਣੇ**



ਅੰਮ੍ਰਿਤਸਰ, 20 ਮਾਰਚ (ਪੋਸਟ ਬਿਊਰੋ)- ਦੋ ਪਰਵਾਸੀ ਔਰਤਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਬੀਤੇ ਦਿਨੀਂ ਬੀੜੀ ਪੀਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਣਗਹਿਲੀ ਵਰਤਣ ਦੇ ਦੋਸ਼ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਗੁਰਿੰਦਰ ਸਿੰਘ ਮਥਰੇਵਾਲ ਦੀ ਬਦਲੀ ਕਰ ਕੇ ਸੱਤ ਮੁਲਾਜ਼ਮ ਸਸਪੈਂਡ ਅਤੇ ਤਿੰਨ ਤਬਦੀਲ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਮੈਨੇਜਰ ਮਥਰੇਵਾਲ ਦੀ ਥਾਂਮੀਤ ਸੈਕਟਰੀ ਸੁਲੱਖਣ ਸਿੰਘ ਭੰਗਾਲੀ ਨੂੰ ਨਵਾਂ ਮੁੱਖ ਮੈਨੇਜਰ ਲਾਇਆ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਜਨਰਲ ਸੈਕਟਰੀ ਕਰਨੈਲ ਸਿੰਘ ਪੰਜੋਲੀ ਅਤੇ ਵੱਖ-ਵੱਖ ਸਿੱਖ ਸੰਸਥਾਵਾਂ ਵੱਲੋਂ ਮੈਨੇਜਰ ਗੁਰਿੰਦਰ ਸਿੰਘ ਮਥਰੇਵਾਲ ਤੇ ਉਸ ਦੇ ਮੈਨੇਜਰ ਭਰਾ ਦੀ ਬਦਲੀ ਦੀ ਮੰਗ ਕੀਤੀ ਜਾ ਰਹੀ ਸੀ। ਸ਼੍ਰੋਮਣੀ ਕਮੇਟੀ ਦੇ ਮੀਤ ਸੈਕਟਰੀ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਸਸਪੈਂਡ ਕੀਤੇ ਮੁਲਾਜ਼ਮਾਂ ਵਿੱਚ ਨਰਿੰਦਰ ਸਿੰਘ ਮਥਰੇਵਾਲਮੈਨੇਜਰ, ਪਰਮਜੀਤ ਸਿੰਘਅਡੀਸ਼ਨਲ ਮੈਨੇਜਰ, ਗੁਰਬਿੰਦਰ ਸਿੰਘ ਸੁਪਰਵਾਈਜ਼ਰ, ਰਾਜਵਿੰਦਰ ਸਿੰਘ ਕਲਰਕ ਕੰਮ ਸੁਪਰਵਾਈਜ਼ਰ, ਕੁਲਦੀਪ ਸਿੰਘ ਤੇ ਰਣਜੀਤ ਸਿੰਘ ਸੇਵਾਦਾਰ, ਸੁਖਵਿੰਦਰ ਸਿੰਘ ਸੇਵਾਦਾਰ ਸੁਰੱਖਿਆ ਦਸਤਾ ਸ਼ਾਮਲ ਹਨ। ਗੁਰਿੰਦਰ ਸਿੰਘ ਮਥਰੇਵਾਲ ਨੂੰ ਮੈਨੇਜਰ ਦੇ ਅਹੁਦੇ ਤੋਂ ਹਟਾ ਕੇ ਮੀਤ ਸੈਕਟਰੀ ਲਾਇਆ ਗਿਆ ਹੈ।

## ਪੰਜਾਬ ਤੇ ਹਰਿਆਣਾ ਸਰਕਾਰਾਂ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੇ ਸਮੇਤ ਪ੍ਰੀਖਿਆ ਦੇਣ ਦਾ ਫੈਸਲਾ ਲੈਣ: ਹਾਈ ਕੋਰਟ

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਸਰਕਾਰੀ ਨੌਕਰੀ ਦੇਟੈੱਸਟ ਵੇਲੇ ਸਿੱਖਾਂ ਨੂੰ ਧਾਰਮਿਕ ਚਿੰਨ੍ਹ ਦੇ ਨਾਲ ਟੈੱਸਟ ਦੇਣ ਦੀ ਆਗਿਆ ਨਾਲ ਜੁੜੀ ਪਟੀਸ਼ਨ ਦਾ ਪੰਜਾਬ ਹਰਿਆਣਾ ਹਾਈ ਕੋਰਟ ਨੇ ਨਿਪਟਾਰਾ ਕਰ ਦਿੱਤਾ ਹੈ।

ਹਾਈ ਕੋਰਟ ਨੇ ਪਟੀਸ਼ਨਰ ਨੂੰ ਇਸ ਬਾਰੇ ਹਰਿਆਣਾ ਤੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਦੇਣ ਤੇ ਦੋਵਾਂ ਸਰਕਾਰਾਂ ਨੂੰ ਇਸਬਾਰੇ ਵਿੱਚ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਪਟੀਸ਼ਨਰ ਐਡਵੋਕੇਟ ਚਰਨਪਾਲ ਸਿੰਘ ਬਾਗੜੀ ਦੇ ਮੁਤਾਬਕ ਹਰਿਆਣਾ ਸਿਵਲ ਸਰਵਿਸ ਐਗਜ਼ੀਕਿਊਟਿਵ ਬ੍ਰਾਂਚ ਦੇ 166 ਅਹੁਦਿਆਂ ਲਈ 31 ਮਾਰਚ 2019 ਨੂੰ ਟੈੱਸਟ ਵਿਚ ਸਿੱਖ ਉਮੀਦਵਾਰਾਂ ਨੂੰ ਕ੍ਰਿਪਾਨ ਅਤੇ ਕੜਾ ਪਾ ਕੇ ਟੈੱਸਟ ਦੇਣਦੀ ਪਾਬੰਦੀ ਲਾਈ ਗਈ ਸੀ। ਇਸ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕਰ ਕੇ ਸਿੱਖ ਬਿਨੈਕਾਰਾਂ ਨੂੰ ਧਾਰਮਿਕ ਚਿੰਨ੍ਹ ਨਾਲਟੈੱਸਟ ਦੇਣ ਦੀ ਆਗਿਆ ਮੰਗੀ ਗਈ ਸੀ। ਹਾਈ ਕੋਰਟ ਨੇ ਧਾਰਮਿਕ ਚਿੰਨ੍ਹ ਪਾ ਕੇ ਟੈੱਸਟ ਦੇਣ ਉੱਤੇ ਲਾਈ ਪਾਬੰਦੀ ਉੱਤੇ ਰੋਕ ਲਾ ਕੇ ਹਰਿਆਣਾ ਸਰਕਾਰ ਅਤੇ ਐਚ ਪੀ ਐਸ ਸੀ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਸੀ ਅਤੇ ਸਿੱਖ ਧਰਮ ਦੇ ਪੰਜਾਂ ਕਕਾਰ ਧਾਰਨ ਕਰਨ ਵਾਲੇ ਬਿਨੈਕਾਰਾਂ ਨੂੰ ਜਾਂਚ ਲਈ ਪ੍ਰੀਖਿਆ ਕੇਂਦਰ ਵਿੱਚ ਇੱਕ ਘੰਟਾ ਪਹਿਲਾਂ ਪਹੁੰਚਣ ਦੇ ਹੁਕਮ ਦਿੱਤੇ ਸਨ।

# ਅਦਾਕਾਰ ਜਸਵਿੰਦਰ ਭੱਲਾ ਦੀ ਮਾਂ ਨੂੰ ਬੰਦੀ ਬਣਾ ਕੇ ਘਰ ਵਿਚ ਲੁੱਟ

ਐਸ ਏ ਐਸ ਨਗਰ, 20 ਮਾਰਚ (ਪੋਸਟ ਬਿਊਰੋ)- ਥਾਣਾ ਮਟੌਰ ਹੇਠਲੇ ਫੇਜ਼-7 ਵਿਚ ਪੰਜਾਬੀ ਫ਼ਿਲਮਾਂ ਦੇਹਾਸਰਸ ਕਲਾਕਾਰ ਜਸਵਿੰਦਰ ਭੱਲਾ ਦੀ ਮਾਂ ਨੂੰ ਬੰਦੀ ਬਣਾ ਕੇ ਘਰ ਨੂੰ ਲੁੱਟਣ ਦਾ ਮਾਮਲਾ ਪਤਾ ਲੱਗਾ ਹੈ।

ਪੁਲਸ ਜਾਂਚ ਵਿੱਚ ਇਹ ਗੱਲ ਸਪੱਸ਼ਟ ਹੋਈ ਹੈ ਕਿ ਉਕਤ ਲੁੱਟ ਦੀ ਵਾਰਦਾਤ ਨੂੰ ਜਸਵਿੰਦਰ ਭੱਲਾ ਦੇ ਨੌਕਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕੀਤਾ ਹੈ। ਭੱਲਾ ਨੇ ਦਸਿਆ ਕਿ ਨੌਕਰ ਆਰੀਅਨ ਨੇਪਾਲ ਦਾ ਵਾਸੀ ਹੈ। ਭੱਲਾ ਆਪਣੇ ਪਰਵਾਰ ਨਾਲ ਲੁਧਿਆਣੇ ਗਏ ਹੋਏ ਸਨ ਅਤੇ ਪਿੱਛੋਂ ਘਰ ਵਿੱਚ ਉਨ੍ਹਾਂ ਦੀ ਬਜ਼ੁਰਗ ਮਾਤਾ ਤੇ ਨੌਕਰ ਆਰੀਅਨ, ਜਿਸ ਨੂੰ ਕਿ ਦੋ ਹਫ਼ਤੇ ਪਹਿਲਾਂ ਕੰਮ ਉੱਤੇ ਰੱਖਿਆ ਸੀ, ਮੌਜੂਦ ਸਨ। ਆਰੀਅਨ ਨੂੰ ਕੰਮ ਉੱਤੇ ਰੱਖਵਾਉਣ ਲਈ ਜਸਵਿੰਦਰ ਭੱਲਾ ਦੇ ਪਹਿਲਾਂ ਵਾਲੇ ਨੌਕਰ ਭੁਪੇਸ਼ ਨੇ ਸਿਫ਼ਾਰਸ਼ ਕੀਤੀ ਸੀ। ਕੱਲ੍ਹ ਦੁਪਹਿਰੇ ਆਰੀਅਨ ਨੇ ਆਪਣੇ ਤਿੰਨ ਸਾਥੀਆਂ ਘਰ ਅੰਦਰ ਸੱਦਿਆ ਅਤੇ ਭੱਲਾ ਅਤੇ ਉਸ ਦੇ ਬੱਚਿਆਂ ਦੇ ਬੈਡਰੂਮਾਂ, ਜੋ ਕੋਠੀ ਦੀ ਪਹਿਲੀ ਮੰਜ਼ਿਲ ਉੱਤੇ ਹਨ, ਦੇ ਦਰਵਾਜੇ ਲੋਹੇ ਦੇ ਸੱਬਲਾਂ ਨਾਲ ਤੋੜੇ। ਇਸ ਤੋਂ ਪਹਿਲਾਂ ਭੱਲਾ ਦੀ ਮਾਤਾ ਨੂੰ ਨੌਕਰ ਤੇ ਉਸ ਦੇ ਸਾਥੀਆਂ ਵੱਲੋਂ ਮੂੰਹ ਅਤੇ ਹੱਥ-ਪੈਰ ਬੰਨ੍ਹ ਕੇ ਇੱਕ ਕਮਰੇ ਅੰਦਰ ਡੱਕ ਦਿੱਤਾ। ਆਰੀਅਨ ਤੇ ਉਸ ਦੇ ਸਾਥੀ ਅਲਮਾਰੀਆਂ ਵਿੱਚ ਪਈ ਨਕਦੀ ਅਤੇ ਸੋਨੇ ਦੇ ਗਹਿਣਿਆਂ ਨਾਲ ਜਸਵਿੰਦਰ ਭੱਲਾ ਦਾ 32 ਬੋਰ ਦਾ ਲਾਇਸੰਸੀ ਰਿਵਾਲਵਰ ਵੀ ਲੈ ਗਏ। ਭੱਲਾ ਦੀ ਮਾਤਾ ਕਿਸੇ ਤਰ੍ਹਾਂ ਰਿੜ੍ਹਕੇ ਘਰ ਦੇ ਮੁੱਖ ਦਰਵਾਜੇ ਤਕ ਪਹੁੰਚੀ ਅਤੇ ਅੰਦਰੋਂ ਕਾਫ਼ੀ ਦੇਰ ਦਰਵਾਜ਼ਾ ਖੜਕਾਇਆ। ਇੱਕ ਗੁਆਂਢੀ ਅੰਦਰੋਂ ਦਰਵਾਜੇ ਦਾ ਖੜਾਕ ਸੁਣ ਕੇ ਭੱਲਾ ਦੇ ਘਰ ਪਹੁੰਚਿਆ ਤੇ ਬਜ਼ੁਰਗ ਮਾਤਾ ਦੇ ਹੱਥ-ਪੈਰ ਖੋਲ ਕੇ ਪੁਲਸ ਨੂੰ ਸੂਚਿਤ ਕੀਤਾ।

## ਟਾਂਡਾ ਗਊ ਹੱਤਿਆ ਕੇਸ ਵਿੱਚ ਲੋੜੀਂਦੇ ਦੋ ਮੁੱਖ ਦੋਸ਼ੀ ਗ੍ਰਿਫਤਾਰ



ਹੁਸ਼ਿਆਰਪੁਰ, 20 ਮਾਰਚ (ਪੋਸਟ ਬਿਊਰੋ)- ਐੱਸ ਐੱਸ ਪੀ ਹੁਸ਼ਿਆਰਪੁਰ ਨੇ ਦੱਸਿਆ ਕਿ 11 ਤੇ 12 ਦੀ ਵਿਚਲੀ ਰਾਤ ਰੇਲਵੇ ਲਾਈਨਾਂ ਪਿੰਡ ਢਡਿਆਲਾ ਟਾਂਡਾ ਨੇੜੇ ਕੀਤੀ ਗਈ ਗਾਵਾਂ ਦੀ ਹੱਤਿਆ ਦੀ ਜਾਂਚ ਲਈਬਣੀਆਂ ਵਿਸ਼ੇਸ਼ ਟੀਮਾਂ ਵੱਲੋਂ ਛਾਪੇਮਾਰੀ ਚੱਲ ਰਹੀ ਹੈ।ਇਸ ਦੌਰਾਨ ਉਤਰ ਪ੍ਰਦੇਸ਼ ਤੋਂ ਮੁੱਖ ਦੋਸ਼ੀ ਇਰਸ਼ਾਦ ਖਾਨ ਪੁੱਤਰ ਨਵਾਬ ਖਾਨ ਵਾਸੀ ਮਾਣੂੰਕੇ ਥਾਣਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਅਤੇ ਫਰਿਆਨ ਪੁੱਤਰ ਬਰਕਤ ਅਲੀ ਪਿੰਡ ਖੱਖਾਂ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਟੀਮਾਂ ਵੱਲੋਂ ਫੋਰੈਂਸਿਕ ਅਤੇ ਖੁਫੀਆ ਫੋਰਸ ਲਾ ਕੇ ਕੇਸ 36 ਘੰਟੇ ਦੇ ਅੰਦਰ ਟਰੇਸ ਕੀਤਾ ਅਤੇ ਇਸ ਵਿੱਚ ਲੋੜੀਂਦੇ ਅੱਠ ਦੋਸ਼ੀਆਂ ਸਮੇਤ ਦੋ ਔਰਤਾਂ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਦੌਰਾਨ ਮੁੱਖ ਦੋਸ਼ੀ ਇਰਸ਼ਾਦ ਖਾਨ ਵਾਸੀ ਮੋਗਾ ਉਪਰ ਵਿਸ਼ੇਸ਼ ਟੀਮਾਂ ਵੱਲੋਂ ਗੁਰਦਾਸਪੁਰ ਏਰੀਏ ਨੇੜੇ ਅਤੇ ਖੰਨਾ ਵਿੱਚ ਛਾਪੇ ਮਾਰੇ ਗਏ, ਪਰ ਉਹ ਭੱਜ ਕੇ ਯੂ ਪੀ ਨਿਕਲ ਗਿਆ ਤਾਂ ਇਸ ਦੌਰਾਨ ਨੂੰ 18 ਮਾਰਚ ਨੂੰ ਵਿਸ਼ੇਸ਼ ਟੀਮਾਂ ਨੇ ਕਲੀਅਰ ਸ਼ਰੀਫ, ਯੂ ਪੀ ਤੋਂ ਗ੍ਰਿਫਤਾਰ ਕਰ ਲਿਆ ਅਤੇ ਉਸ ਦੀ ਪੁੱਛਗਿੱਛ ਤੋਂ ਬਾਅਦ ਦੋਸ਼ੀ ਫਰਿਆਦ ਖਾਨ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ।ਦੋਸ਼ੀਆਂ ਨੇ ਦੱਸਿਆ ਕਿ ਉਹ ਪਸ਼ੂ ਤਸਕਰੀ ਕਰਦੇ ਹਨ ਅਤੇ ਉਨ੍ਹਾਂ ਨੇ ਸਤਪਾਲ ਉਰਫ ਪੱਪੀ ਵਾਸੀ ਕੋਟਲੀ ਸ਼ੇਖਾਂ, ਜਿਸ ਉੱਤੇ ਪਹਿਲਾਂ ਹੀ ਗਊ ਹੱਤਿਆ ਦੇ ਕੇਸ ਦਰਜ ਹਨ, ਨਾਲ ਸੰਪਰਕ ਕਰ ਕੇ ਉਸ ਤੋਂ ਗਊਆਂ ਖਰੀਦ ਕੇ ਟਾਂਡਾ ਵਿਖੇ ਰੇਲਵੇ ਲਈਨਾਂ ਕੋਲ ਆਪਣੇ ਸਾਥੀਆਂ ਨਾਲ ਮਿਲ ਕੇ ਮਾਰੀਆਂ ਤੇ ਫਿਰ ਉਨ੍ਹਾਂ ਦਾ ਮਾਸ ਅੱਗੇ ਯੂ ਪੀ ਦੇ ਵਪਾਰੀ ਨੂੰ ਵੇਚ ਦਿੱਤਾ ਸੀ। ਇਸ ਕੇਸ ਵਿੱਚ ਕੁੱਲ 10 ਜਣਿਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।


## ਭਗਵੰਤ ਮਾਨ ਦੇ ਟਿਕਟ ਉੱਤੇ ਦਸਖਤ ਕਰਨ ਵਾਲਾ ਬੈਂਸ ਵੀ ਮੰਤਰੀ ਬਣਿਆ



ਲੁਧਿਆਣਾ, 20 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸ਼ੁਰੂਆਤ ਲੁਧਿਆਣੇ ਤੋਂ ਹੋਈ ਸੀ ਅਤੇ ਇਸ ਪਾਰਟੀ ਦੀ ਪੰਜਾਬ ਵਿੱਚ ਬਣੀ ਸਰਕਾਰ ਦੇ ਮੰਤਰੀ ਬਣੇ ਹਰਜੋਤ ਬੈਂਸ ਨੇ ਸੂਬੇ ਵਿੱਚ ਇਸ ਪਾਰਟੀ ਨੂੰ ਅੱਗੇ ਵਧਾਉਣ ਵਿੱਚ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਹੋਈ ਹੈ। ਆਨੰਦਪੁਰ ਸਾਹਿਬ ਹਲਕੇ ਦੇ ਵਿਧਾਇਕ ਹਰਜੋਤ ਬੈਂਸ ਪਹਿਲਾਂ ਲੁਧਿਆਣੇ ਦੇ ਆਸ਼ਾਪੁਰੀ ਵਿੱਚ ਰਹਿੰਦੇ ਸਨ। ਉਹ ਲੁਧਿਆਣਾ ਬਾਰ ਕੌਂਸਲ ਦੇ ਮੈਂਬਰ ਹਨ ਅਤੇ ਕੁਝ ਸਮਾਂ ਪਹਿਲਾਂ ਹੀ ਸ੍ਰੀ ਆਨੰਦਪੁਰ ਸਾਹਿਬ ਜਾ ਕੇ ਰਹਿਣ ਲੱਗੇਸਨ।ਸਾਲ 2014 ਵਿੱਚ ਜਦ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਆਪਣੀ ਪਹਿਲੀ ਚੋਣ ਲੜੀ ਤਾਂ ਹਰਜੋਤ ਬੈਂਸ ਹੀ ਪਾਰਟੀ ਦੇ ਸੂਬਾ ਕਨਵੀਨਰ ਸਨ। ਪਾਰਟੀ ਵੱਲੋਂ ਉਸ ਸਮੇਂ ਦਿੱਤੀਆਂ ਗਈਆਂ ਟਿਕਟਾਂ ਲਈ ਚੋਣ ਕਮਿਸ਼ਨ ਨੂੰ ਦਿੱਤੇ ਗਏ ਪੱਤਰਾਂ ਉੱਤੇ ਹਰਜੋਤ ਬੈਂਸ ਦੇ ਹੀ ਦਸਤਖਤ ਸਨ। ਭਗਵੰਤ ਮਾਨ ਦੇ ਪੱਤਰ ਉੱਤੇ ਵੀ ਹਰਜੋਤ ਬੈਂਸ ਦੇ ਦਸਤਖਤ ਸਨ। ਓਦੋਂ ਪਾਰਟੀ ਨੇ ਚਾਰ ਸੀਟਾਂਜਿੱਤੀਆਂ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਰਜੋਤ ਨੇ ਖੁਦ ਸਾਹਨੇਵਾਲ ਤੋਂ ਚੋਣ ਲੜੀ, ਪ੍ਰੰਤੂ ਹਾਰ ਗਏ। ਐਤਕੀਂ ਉਨ੍ਹਾਂ ਨੇ ਦੂਸਰੀ ਵਾਰ ਆਨੰਦਪੁਰ ਸਾਹਿਬ ਤੋਂ ਚੋਣ ਲੜੀ ਅਤੇ ਜਿੱਤੀ ਹੈ।

ਭ੍ਰਿਸ਼ਟਾਚਾਰ ਖਿਲਾਫ ਅੰਨਾ ਹਜ਼ਾਰੇ ਵੱਲੋਂ ਸ਼ੁਰੂ ਕੀਤੀ ਮੁਹਿੰਮ ਵਿੱਚ ਬੈਂਸ ਨੇ ਸਰਗਰਮੀ ਨਾਲ ਹਿੱਸਾ ਲਿਆ ਸੀ। ਇਸ ਦੇ ਬਾਅਦ ਉਹ ਆਮ ਆਦਮੀ ਪਾਰਟੀ ਦੇ ਰਾਹੀਂ ਰਾਜਨੀਤੀ ਵਿੱਚ ਆਏ। ਬੈਂਸ ਨੇ ਐਲ ਐਲ ਬੀ ਕੀਤੀ ਹੋਈ ਹੈ। ਉਹ ਪੰਜਾਬ ਦੇ ਕਨਵੀਨਰ ਅਤੇ ਯੂਥ ਵਿੰਗ ਦੇ ਪ੍ਰਧਾਨ ਵੀ ਰਹੇ।ਪਾਰਟੀ ਦੀ ਸ਼ੁਰੂਆਤ ਮੌਕੇ ਲੁਧਿਆਣੇ ਦੇ 13 ਨੌਜਵਾਨਾਂ ਨੇ ਪਾਰਟੀ ਦਾ ਮੁੱਢ ਬੰਨ੍ਹਿਆ ਸੀ। ਇਹ ਲੋਕ ਇੰਟਰਨੈਟ ਮੀਡੀਆ ਦੇ ਮਾਹਰ ਸਨ। ਟੀਮ ਵਿੱਚ ਬਲਵੀਰ ਅਗਰਵਾਲ, ਕਨਵ ਵਾਟਸ, ਹਰਜੋਤ ਬੈਂਸ, ਪਿਊਸ਼, ਦਵਿੰਦਰ ਸ਼ੇਰਪੁਰ, ਸੰਦੀਪ ਸਿੰਗਲਾ, ਸੰਦੀਪ ਮਿਸ਼ਰਾ, ਰਮਨ ਕੁਮਾਰ, ਪੁਨੀਤ ਠਾਕੁਰ, ਸਚਿਨ ਸ਼ਰਮਾ, ਨਿਹਾਲ ਸਿੰਘ, ਮਨੋਜ ਚੋਪੜਾ, ਬਲਵੀਰ ਚੌਧਰੀ ਅਤੇ ਮਗਨ ਵਢੇਰਾ ਸ਼ਾਮਲ ਸਨ।

# ਜੰਡਿਆਲੇ ਦਾ ਜੀਤਾ ਮਰਡਰ ਕੇਸ ਵਿਚ ਕਾਤਲ ਨੂੰ ਉਮਰ ਕੈਦ ਅਤੇ ਜੁਰਮਾਨਾ, ਸਾਥੀ ਬਰੀ



ਜਲੰਧਰ, 20 ਮਾਰਚ (ਪੋਸਟ ਬਿਊਰੋ)- ਅਦਾਲਤ ਨੇ 31 ਮਈ 2017 ਰਾਤ ਪਿੰਡ ਜੰਡਿਆਲਾ ਗੁਰੂ ਨੇੜੇ ਦੁਕਾਨ ਵਿੱਚ ਹੋਏ ਦਲਜੀਤ ਸਿੰਘ ਜੀਤਾ ਕਤਲਕਾਂਡ ਵਿੱਚ ਪਿੰਡ ਭਾਨੋਕੀ ਦੇ ਵਸਨੀਕ ਚੰਦਰਭਾਨ ਨੂੰ ਉਮਰ ਕੈਦ ਦੀ ਸਜ਼ਾ ਅਤੇ ਦਸ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਨਾ ਦੇਣ ਉੱਤੇ ਇੱਕ ਸਾਲ ਹੋਰ ਕੈਦ ਹੋਵੇਗੀ। ਕੁਮਾਰ ਸੁੱਖੀ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ।

ਇਸ ਪਿੰਡ ਵਿੱਚ ਨਵੀਂ ਆਬਾਦੀ ਦੇ ਰਹਿਣ ਵਾਲਾ ਰਾਜਮਿਸਤਰੀ ਦਲਜੀਤ ਸਿੰਘ ਜੀਤਾ ਉਕਤ ਰਾਤ ਘਰ ਨਹੀਂ ਮੁੜਿਆ ਸੀ। ਭਰਾ ਸੁਖਵਿੰਦਰ ਸਿੰਘ ਤਲਾਸ਼ ਕਰਦੇ ਹੋਏ ਜੰਡਿਆਲਾ ਅੱਡੇ ਪਹੁੰਚ ਗਿਆ। ਜੀਤਾ ਨੇੜੇ ਦੁਕਾਨ ਦੀ ਸੰਭਾਲ ਵੀ ਕਰਦਾ ਸੀ। ਦੁਕਾਨ ਵਿੱਚ ਦੇਖਿਆ ਤਾਂ ਜੀਤੇ ਦੀ ਲਾਸ਼ ਪਈ ਸੀ। ਲਾਸ਼ ਨੇੜੇ ਮੋਬਾਈਲ ਫੋਨ, ਚੰਦਰਭਾਨਦਾ ਆਧਾਰ ਕਾਰਡ, ਸ਼ਰਾਬ ਦੀ ਬੋਤਲ ਅਤੇ ਹੋਰ ਸਾਮਾਨ ਪਿਆ ਸੀ। ਥਾਣਾ ਸਦਰ ਪੁਲਸ ਨੇ ਕੇਸ ਦਰਜ ਕਰ ਕੇ ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਜਾਂਚ ਵਿੱਚ ਕਿਹਾ ਗਿਆ ਸੀ ਕਿ ਸੁੱਖੀ ਦੀ ਜੀਤੇ ਦੀ ਭਰਜਾਈ ਨਾਲ ਦੋਸਤੀ ਸੀ। ਇਹ ਗੱਲ ਜੀਤੇ ਨੂੰ ਪਤਾ ਲੱਗ ਗਈ ਤਾਂ ਉਸ ਦੀ ਹੱਤਿਆ ਕਰ ਦਿੱਤੀ ਗਈ। ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਕਲਾਈਂਟ ਸੁੱਖੀ ਦਾ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ, ਉਹ ਕੇਵਲ ਚੰਦਰਭਾਨ ਨੂੰ ਜਾਣਦਾ ਸੀ। ਕਰਾਈਮ ਸੀਨ ਤੋਂ ਉਨ੍ਹਾਂ ਦੇ ਕਲਾਈਂਟ ਦੀ ਕੋਈ ਚੀਜ਼ ਨਹੀਂ ਮਿਲੀ, ਨਾ ਫਿੰਗਰ ਪ੍ਰਿੰਟਸ। ਇਹ ਗੱਲ ਝੂਠ ਹੈ ਕਿ ਮ੍ਰਿਤਕ ਦੀ ਭਰਜਾਈ ਨਾਲ ਸੁੱਖੀ ਦੀ ਦੋਸਤੀ ਸੀ। ਪੁਲਸ ਨੇ ਉਸ ਦੇ ਕਲਾਈਂਟ ਨੂੰ ਝੂਠੇ ਕੇਸ ਵਿੱਚ ਅੰਦਰ ਕਰ ਦਿੱਤਾ। ਅਦਾਲਤ ਨੇ ਸਬੂਤਾਂ ਨੂੰ ਦੇਖ ਕੇ ਚੰਦਰਭਾਨ ਨੂੰ ਕਤਲ ਦਾ ਦੋਸ਼ੀ ਮੰਨਦੇ ਹੋਏ ਸਜ਼ਾ ਸੁਣਾਈ, ਜਦ ਕਿ ਸੁੱਖੀ ਨੂੰ ਬਰੀ ਕਰ ਦਿੱਤਾ।

ਇੱਕ ਹੋਰ ਮਾਮਲੇ ਵਿੱਚ ਅਦਾਲਤ ਨੇ 23 ਮਾਰਚ 2021 ਨੂੰ ਪਿੰਡ ਰਾਮਪੁਰ ਲੱਲੀਆਂ ਦੀ ਮੋਦੀ ਮੈਟ੍ਰੇਸ ਵਿੱਚ ਮੰਗਲ ਰਾਜਗੁਰੂ ਦਾ ਕਤਲ ਕਰਨ ਦੇ ਦੋਸ਼ ਵਿੱਚ ਦੋ ਜਣਿਆਂ ਸੁਨੀਲ ਪਾਸਵਾਨ ਤੇ ਬਲਜੀਤ ਸਿੰਘ ਉਰਫ ਕਾਲੂ ਨੂੰ ਬਰੀ ਕਰ ਦਿੱਤਾ ਹੈ। ਬੀਤੇ ਸਾਲ 23 ਮਈ ਨੂੰ ਲਾਂਬੜਾ ਦੇ ਪਿੰਡ ਰਾਮਪੁਰ ਲੱਲੀਆਂ ਵਿੱਚ ਗੱਦੇ ਬਣਾਉਣ ਵਾਲੀ ਫੈਕਟਰੀ ਵਿੱਚ ਨੇਪਾਲ ਦੇ ਪਿੰਡ ਲਮਜੂਰ ਪਾਚਿਕ ਦੇ ਰਹਿਣ ਵਾਲੇ ਮਜ਼ਦੂਰ ਮੰਗਲ ਰਾਜਗੁਰੂ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਮ੍ਰਿਤਕ ਦੀ ਪਤਨੀ ਨਿਸ਼ਾ ਨੇ ਦੋਸ਼ ਲਗਾਇਆ ਸੀ ਕਿ ਸੁਨੀਲ, ਕਾਲੂ ਅਤੇ ਸ੍ਰੀਕਾਂਤ ਨੇ ਕਤਲ ਕੀਤਾ ਸੀ।

# ਨੌਜਵਾਨ ਨੇ ਵੀਡੀਓ ਬਣਾਕੇ ਫਾਂਸੀ ਲਾ ਲਈ

ਫਰੀਦਾਬਾਦ, 20 ਮਾਰਚ (ਪੋਸਟ ਬਿਊਰੋ)- ਸਮਯਪੁਰ ਨੇੜੇ ਇੱਕ ਨੌਜਵਾਨ ਨੇ ਮਰਨ ਤੋਂ ਪਹਿਲਾਂ ਵੀਡੀਓ ਬਣਾਇਆ ਅਤੇ ਫਿਰ ਫਾਂਸੀ ਲਾ ਕੇ ਆਤਮਹੱਤਿਆ ਕਰ ਲਈ। ਇਸ ਦੇ ਲਈ ਉਸ ਨੇ ਪਤਨੀ ਅਤੇ ਸੱਸ-ਸਹੁਰੇ ਨੂੰ ਜ਼ਿੰਮੇਵਾਰ ਕਿਹਾ ਹੈ। ਪੁਲਸ ਨੇ ਸਹੁਰੇ ਪਰਵਾਰਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਗਾਜ਼ੀਆਬਾਦ ਦੀ ਇੰਦਰ ਕਾਲੋਨੀ ਬਾਈਪਾਸ ਰੋਡ ਦੇ ਵਾਸੀ ਸੁਮਿਤ ਸ਼ਰਮਾ ਨੇ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਸ ਦੇ ਛੋਟੇ ਭਰਾ ਮੋਹਿਤ (27) ਦਾ ਵਿਆਹ ਅਲੀਗੜ੍ਹ ਦੇ ਟੱਪਲ ਵਾਸੀ ਅਲਕਾ ਨਾਲ 2014 ਵਿੱਚ ਹੋਇਆ ਸੀ। ਉਸ ਦੀ ਇੱਕ ਲੜਕੀ ਛੇ ਸਾਲਾ ਦੀਪਾਲੀ ਹੈ। ਮੋਹਿਤ ਪਿਕਅਪ ਗੱਡੀ ਖਰੀਦ ਕੇ ਬੱਲਭਗੜ੍ਹ ਵਿੱਚ ਲੋਡਿੰਗ ਲਈ ਚਲਾਉਂਦਾ ਸੀ ਤੇਆਪਣੇ ਚਾਚੇ ਰਾਮ ਕੁਮਾਰ ਨਾਲ ਨਾਹਰ ਸਿੰਘ ਕਾਲੋਨੀ ਬੱਲਭਗੜ੍ਹ ਵਿੱਚ ਰਹਿੰਦਾ ਸੀ। ਉਸ ਦੀ ਸੱਸ ਰਾਧਾ ਦੇਵੀ, ਸਹੁਰਾ ਓਮ ਪ੍ਰਕਾਸ਼ ਅਤੇ ਪਤਨੀ ਅਲਕਾ ਵਿਆਹ ਦੇ ਬਾਅਦ ਤੋਂ ਉਸ ਨੂੰ ਪ੍ਰੇਸ਼ਾਨ ਕਰਦੇ ਸਨ। ਕਈ ਵਾਰ ਮਾਰਕੁੱਟ ਵੀ ਕੀਤੀ ਸੀ। ਉਹ ਅਲਕਾ ਨੂੰ ਆਪਣੇ ਕੋਲ ਰੱਖਦੇ ਹਨ। ਰਾਧਾ ਦੇਵੀ ਕਹਿੰਦੀ ਸੀ ਕਿ ਅਲਕਾ ਨੂੰ ਤਦ ਭੇਜਾਂਗੀ ਜਦ ਤੂੰ ਸੱਤ ਲੱਖ ਰੁਪਏ ਮੈਨੂੰ ਦੇਵੇਂਗਾ। 17 ਮਾਰਚ ਨੂੰ ਉਹ ਗੱਡੀ ਲੈ ਕੇ ਲੋਡਿੰਗ ਲਈ ਗਿਆ, ਪਰ ਸਾਰੀ ਰਾਤ ਘਰ ਨਹੀਂ ਆਇਆ। ਪਿੱਛੋਂ ਪਤਾ ਲੱਗਾ ਕਿ ਉਸ ਨੇ ਵੀਡੀਓ ਬਣਾ ਕੇ ਫਾਂਸੀ ਲਾ ਲਈ ਹੈ।

# ਇਟਲੀ ਵਿੱਚ ਪਲਾਸਟਿਕ ਦੇ ਚੱਕਵੇਂ ਘਰ ਨੂੰ ਅੱਗ ਲੱਗੀ, ਜਲੰਧਰ ਦੇ ਨੌਜਵਾਨ ਦੀ ਮੌਤ



ਮਿਲਾਨ, 20 ਮਾਰਚ (ਪੋਸਟ ਬਿਊਰੋ)- ਇਟਲੀ ਦੇ ਲਾਤੀਨਾ ਸ਼ਹਿਰ ਨੇੜੇ ਸਨ ਫਲੀਚੇ ਦੇ ਖੇਤੀ ਖੇਤਰ ਵਿੱਚ ਦੋ ਪੰਜਾਬੀ ਨੌਜਵਾਨ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਨ ਪਿੱਛੋਂ ਘਰ ਆ ਕੇ ਰੋਟੀ ਬਣਾਉਣ ਲੱਗੇ ਤਾਂ ਉਨ੍ਹਾਂ ਦੇ ਘਰ ਠੰਢ ਤੋਂ ਬਚਣ ਲਈ ਕਮਰੇ ਨੂੰ ਨਿੱਘਾ ਕਰਨ ਲਈ ਲੱਗੇ ਹੀਟਰ ਕਾਰਨ ਕਮਰੇ ਨੂੰ ਅੱਗ ਲੱਗ ਗਈ, ਜਿਸ ਵਿੱਚ ਇੱਕ ਪੰਜਾਬੀ ਨੌਜਵਾਨ ਦੀ ਝੁਲਸਣ ਕਾਰਨ ਮੌਤ ਹੋ ਗਈ ਅਤੇ ਦੂਜਾ ਗੰਭੀਰ ਜ਼ਖਮੀ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਲਛਮਣ ਦਾਸ ਲਾਡੀ (40) ਵਾਸੀ ਲੱਧੇਵਾਲੀ (ਜਲੰਧਰ) ਇਟਲੀ ਵਿੱਚ ਖੇਤੀਬਾੜੀ ਦਾ ਕੰਮ ਕਰਦਾ ਸੀ ਤੇ ਆਪਣੇ ਕੰਮ ਦੇ ਇਟਾਲੀਅਨ ਮਾਲਕ ਦੇ ਘਰ ਦੇ ਬਾਹਰ ਇੱਕ ਕੰਮ ਚਲਾਊ ਚੱਕਵੇਂ ਕਮਰੇ ਵਿੱਚ ਰਹਿੰਦਾ ਸੀ। ਕੱਲ੍ਹ ਸ਼ਾਮ ਛੇ ਵਜੇ ਤੋਂ ਬਾਅਦ ਜਦੋਂ ਲਛਮਣ ਦਾਸ ਤੇ ਉਸ ਦਾ ਸਾਥੀ ਕੰਮ ਤੋਂ ਘਰ ਆ ਕੇ ਆਪਣੀ ਰੋਟੀ ਤਿਆਰ ਕਰਨ ਲੱਗੇ ਤੇ ਸੌਣ ਵਾਲੇ ਪਲਾਸਟਿਕ ਦੇ ਬਣੇ ਕਮਰੇ ਨੂੰ ਨਿੱਘਾ ਕਰਨ ਲਈ ਹੀਟਰ ਚਲਾ ਕੇ ਖੁਦ ਰਸੋਈ ਵਿੱਚ ਖਾਣਾ ਬਣਾਉਣ ਲੱਗ ਪਏ ਤਾਂ ਇਸ ਦੌਰਾਨ ਹੀਟਰ ਦਾ ਸੇਕ ਵਧਣ ਨਾਲ ਕਮਰੇ ਨੂੰ ਅੱਗ ਲੱਗ ਗਈ। ਜਦੋਂ ਖਾਣ ਤਿਆਰ ਕਰ ਕੇ ਲਛਮਣ ਦਾਸ ਕਮਰੇ ਵਿੱਚ ਗਿਆ ਤਾਂ ਅੱਗ ਦੀਆਂ ਲਪਟਾਂ ਨਾਲ ਭਾਂਬੜ ਮੱਚੇ ਹੋਏ ਸਨ। ਇਹ ਦੇਖ ਕੇ ਲਛਮਣ ਦਾਸ ਆਪਣੇ ਪੇਪਰ ਤੇ ਹੋਰ ਜ਼ਰੂਰੀ ਸਾਮਾਨ ਅੱਗ ਤੋਂ ਬਚਾਉਣ ਲਈ ਕਮਰੇ ਵਿੱਚ ਗਿਆ ਤਾਂ ਅਚਾਨਕ ਕਮਰੇ ਦੀ ਛੱਤ ਉਸ ਦੇ ਉਪਰ ਆ ਡਿੱਗੀ ਜਿਸ ਦੇ ਹੇਠੋਂ ਨਿਕਲਣ ਲਈ ਉਸ ਨੇ ਆਪਣੇ ਆਖਰੀ ਸਾਹਾਂ ਤਕ ਕੋਸ਼ਿਸ਼ ਕੀਤੀ, ਪਰ ਅੱਗ ਦੀਆਂ ਲਪਟਾਂ ਨੇ ਉਸ ਦੇ ਸਰੀਰ ਨੂੰ ਕੁਝ ਪਲਾਂ ਵਿੱਚ ਹੀ ਸਵਾਹ ਬਣਾ ਦਿੱਤਾ।ਮ੍ਰਿਤਕ ਦੇ ਦੂਜੇ ਸਾਥੀ ਨੇ ਉਸ ਨੂੰ ਅੱਗ ਵਿੱਚੋਂ ਕੱਢਣ ਦੀ ਬਹੁਤ ਕੋਸ਼ਿਸ਼ ਕੀਤੀ, ਜਿਸ ਦੌਰਾਨ ਉਹ ਵੀ ਗੰਭੀਰ ਜ਼ਖਮੀ ਹੋ ਗਿਆ, ਪਰ ਉਸ ਦੀ ਪੇਸ਼ ਨਾ ਚੱਲੀ। ਮ੍ਰਿਤਕ ਆਪਣੇ ਪਿੱਛੇ ਵਿਧਵਾ ਤੋਂ ਇਲਾਵਾ ਇੱਕ ਤਿੰਨ ਸਾਲ ਦੀ ਧੀ ਛੱਡ ਗਿਆ ਹੈ।

# ਭਾਰਤ ਵੀ ਰੂਸ ਤੋਂ ਕੱਚਾ ਤੇਲ ਖਰੀਦਣ ਲਈ ਬਜ਼ਿੱਦ



ਨਵੀਂ ਦਿੱਲੀ, 20 ਮਾਰਚ (ਪੋਸਟ ਬਿਊਰੋ)- ਰੂਸ ਤੋਂ ਕੱਚਾ ਤੇਲ ਖਰੀਦਣ ਦੀ ਤਿਆਰੀ ਉੱਤੇ ਅਮਰੀਕਾ ਵੱਲੋਂ ਹੋ ਰਹੇ ਅਸਿੱਧੇ ਇਸ਼ਾਰਿਆਂ ਉੱਤੇ ਭਾਰਤ ਨੇ ਦੋ ਟੂਕ ਕਿਹਾ ਹੈ ਕਿ ਕੱਚੇ ਤੇਲ ਦੀ ਖਰੀਦ ਉੱਤੇ ਸਿਆਸਤ ਨਹੀਂ ਹੋਣੀ ਚਾਹੀਦੀ। ਭਾਰਤ ਦਾ ਇਹ ਰੁਖ਼ ਇਸ ਲਈ ਮਹੱਤਵਪੂਰਨ ਹੈ ਕਿ ਪਿਛਲੇ ਤਿੰਨ ਦਿਨਾਂ ਵਿੱਚ ਭਾਰਤ ਦੀਆਂ ਚਾਰ ਕੰਪਨੀਆਂ ਰੂਸ ਤੋਂ ਕੱਚਾ ਤੇਲ ਖਰੀਦਣ ਦਾ ਸਮਝੌਤਾ ਕਰ ਚੁੱਕੀਆਂ ਹਨ। ਦੂਜੇ ਪਾਸੇ ਅਮਰੀਕੀ ਸਰਕਾਰ ਨੇ ਇਸ ਦਾ ਵਿਰੋਧ ਸਿੱਧੇ ਤੌਰ ਉੱਤੇ ਨਹੀਂ ਕੀਤਾ, ਪਰ ਵ੍ਹਾਈਟ ਹਾਊਸ ਤੇ ਵਿਦੇਸ਼ ਮੰਤਰਾਲਾ ਵਾਰ-ਵਾਰ ਯਾਦ ਕਰਵਾ ਰਹੇ ਹਨ ਕਿ ਉਸ ਨੂੰ ਯੂਕਰੇਨ ਉੱਤੇ ਹਮਲਾ ਕਰਨ ਵਾਲੇ ਦੇਸ਼ ਨਾਲ ਖੜ੍ਹਾ ਨਹੀਂ ਹੋਣਾ ਚਾਹੀਦਾ।

ਭਾਰਤ ਦਾ ਸਪੱਸ਼ਟ ਸਟੈਂਡ ਹੈ ਕਿ ਕੱਚੇ ਤੇਲ ਦੀ ਇੰਪੋਰਟ ਉਸ ਦੀ ਆਰਥਿਕ ਅਤੇ ਰਣਨੀਤਕ ਪ੍ਰਭੂਸੱਤਾ ਲਈ ਬਹੁਤ ਜ਼ਰੂਰੀ ਹੈ ਤੇ ਇਸ ਬਾਰੇ ਉਹ ਕਿਸੇ ਵੀ ਦੂਜੇ ਦੇਸ਼ ਦੇ ਹਿਸਾਬ ਨਾਲ ਆਪਣੀ ਰਣਨੀਤੀ ਨਹੀਂ ਬਣਾਏਗਾ।ਵਿਦੇਸ਼ ਮੰਤਰਾਲੇ ਦੇ ਸੂਤਰਾਂ ਨੇ ਅਮਰੀਕਾ ਨੂੰ ਇਹ ਵੀ ਯਾਦ ਦਿਵਾਇਆ ਕਿ ਭਾਰਤ ਉਸ ਤੋਂ ਵੀ ਵੱਡੇ ਪੱਧਰ ਉੱਤੇ ਕੱਚੇ ਤੇਲ ਦੀ ਖਰੀਦ ਕਰਦਾ ਹੈ। ਕੁਝ ਸਾਲ ਪਹਿਲਾਂ ਤਕ ਭਾਰਤ ਅਮਰੀਕਾ ਤੋਂ ਬਿਲਕੁਲ ਕੱਚਾ ਤੇਲ ਨਹੀਂ ਲੈਂਦਾ ਸੀ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2021 ਵਿੱਚ ਭਾਰਤ ਨੇ ਆਪਣੀ ਕੁੱਲ ਜ਼ਰੂਰਤ ਦਾ 7.3 ਫੀਸਦੀ ਕੱਚਾ ਤੇਲ ਅਮਰੀਕਾ ਤੋਂ ਖਰੀਦਿਆ, ਜਿਹੜਾ ਸਾਲ 2022 ਵਿੱਚ ਵਧ ਕੇ 11 ਫੀਸਦੀ ਹੋਣ ਵਾਲਾ ਹੈ। ਦੂਸਰੇ ਪਾਸੇ ਦੇਸ਼ ਦੀ ਕੁੱਲ ਲੋੜ ਦਾ ਸਿਰਫ ਇੱਕ ਫੀਸਦੀ ਰੂਸ ਤੋਂ ਖਰੀਦਿਆ ਜਾਂਦਾ ਹੈ। ਯੂਕਰੇਨ ਉੱਤੇ ਅਮਰੀਕਾ ਤੇ ਪੱਛਮੀ ਦੇਸ਼ਾਂ ਦੇ ਰਵੱਈਏ ਦੇ ਕਾਰਨ ਰੂਸ ਨੇ ਦੂਜੇ ਦੇਸ਼ਾਂ ਦੇ ਮੁਕਾ-ਬਲੇ ਕਰੀਬ 25 ਫੀਸਦੀ ਸਸਤਾ ਕੱਚਾ ਤੇਲ ਭਾਰਤ ਨੂੰ ਦੇਣਾ ਸ਼ੁਰੂ ਕੀਤਾ ਹੈ। ਅਜਿਹੇ ਵਿੱਚ ਇਸ ਸਾਲ ਭਾਰਤ ਜ਼ਿਆਦਾ ਮਾਤਰਾ ਵਿੱਚ ਰੂਸ ਤੋਂ ਤੇਲ ਖਰੀਦਣ ਦੀ ਸਥਿਤੀ ਵਿੱਚ ਹੈ।

ਜਾਣਕਾਰ ਸੂਤਰਾਂ ਮੁਤਾਬਕ ਰੂਸ ਤੋਂ ਭਾਰਤ ਨੇ ਕਈ ਕਾਰਨਾਂ ਕਰ ਕੇ ਹਾਲੇ ਤਕ ਵੱਧ ਤੇਲ ਖਰੀਦਣ ਵਿੱਚ ਰੁਚੀ ਨਹੀਂ ਦਿਖਾਈ। ਪਿਛਲੇ ਕੁਝ ਸਾਲਾਂ ਵਿੱਚ ਜਿਹੜੇ ਥੋੜ੍ਹੇ ਬਹੁਤ ਸਮਝੌਤੇ ਹੋਏ, ਉਹ ਕੰਪਨੀਆਂ ਦੇ ਪੱਧਰ ਉੱਤੇ ਹੋਏ ਹਨ, ਸਰਕਾਰੀ ਪੱਧਰਦਾ ਕੋਈ ਸਮਝੌਤਾ ਨਹੀਂ ਹੈ। ਦੂਜੇ ਪਾਸੇ ਰੂਸ ਦੀ ਕੁੱਲ ਗੈਸ ਐਕਸਪੋਰਟ ਦਾ 75 ਫੀਸਦੀ ਜਰਮਨੀ, ਫਰਾਂਸ, ਇਟਲੀ ਵਰਗੇ ਮੁਲਕਾਂ ਨੂੰ ਹੁੰਦੀ ਹੈ। ਨੀਦਰਲੈਂਡ, ਇਟਲੀ, ਪੋਲੈਂਡ, ਫਿਨਲੈਂਡ, ਰੋਮਾਨੀਆ, ਰੂਸ ਦੇ ਸਭ ਤੋਂ ਵੱਡੇ ਕੱਚੇ ਤੇਲ ਦੇ ਖਰੀਦਦਾਰ ਹਨ। ਪੱਛਮੀ ਦੇਸ਼ਾਂ ਨੇ ਰੂਸ ਉੱਤੇ ਪਾਬੰਦੀ ਲਾਈ ਹੈ, ਪਰ ਉਹ ਪਾਬੰਧੀ ਤੇਲ ਅਤੇ ਗੈਸ ਖਰੀਦ ਉੱਤੇ ਨਹੀਂ ਹੈ। ਅਸਲ ਵਿੱਚ ਰੂਸ ਦੇ ਜਿਹੜੇ ਬੈਂਕ ਤੇਲ ਖਰੀਦ ਨੂੰ ਸਹੂਲਤ ਦੇਣ, ਉਨ੍ਹਾਂ ਨੇ ਸਵਿਫਟ ਬੈਂਕਿੰਗ (ਅੰਤਰਰਾਸ਼ਟਰੀ ਲੈਣ-ਦੇਣ ਨੂੰ ਪੂਰਾ ਕਰਨ ਵਾਲੀ ਤਕਨੀਕੀ ਵਿਵਸਥਾ) ਨੂੰ ਬਣਾ ਰੱਖੀ ਹੈ। ਇਸ ਲਈ ਭਾਰਤ ਨੇ ਸਾਫ ਕਿਹਾ ਹੈ ਕਿ ਜਿਹੜੇ ਦੇਸ਼ ਊਰਜਾ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਨਾਲ ਆਤਮਨਿਰਭਰ ਹਨ ਤੇ ਜਿਹੜੇ ਹਾਲੇ ਤਕ ਰੂਸ ਤੋਂ ਤੇਲ ਤੇ ਗੈਸ ਖਰੀਦ ਰਹੇ ਹਨ, ਉਹ ਉਸ ਨੂੰ ਗਿਆਨ ਨਾ ਦੇਣ।

# ਉਮਰ ਅਬਦੁੱਲਾ ਨੇ 'ਦਿ ਕਸ਼ਮੀਰ ਫਾਈਲਜ਼' ਸੱਚਾਈ ਤੋਂ ਬਹੁਤ ਦੂਰ ਆਖਿਆ



ਸ੍ਰੀਨਗਰ, 20 ਮਾਰਚ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਪ੍ਰਮੁੱਖ ਪਾਰਟੀ ਨੈਸ਼ਨਲ ਕਾਨਫਰੰਸ ਨੇ 'ਦਿ ਕਸ਼ਮੀਰ ਫਾਈਲਜ਼' ਉੱਤੇ ਆਪਣੀ ਚੁੱਪੀ ਤੋੜੀ ਤੇ ਕਿਹਾ ਹੈ ਕਿ ਫਿਲਮ ਸੱਚਾਈ ਤੋਂ ਬਹੁਤ ਦੂਰ ਹੈ ਕਿਉਂਕਿ ਫਿਲਮ ਨਿਰਮਾਤਾਵਾਂ ਨੇ ਮੁਸਲਮਾਨਾਂ ਤੇ ਸਿੱਖਾਂ ਦੇ ਸੰਘਰਸ਼ ਨੂੰ ਨਜ਼ਰਅੰਦਾਜ਼ ਕੀਤਾ ਹੈ, ਜੋ ਅੱਤਵਾਦ ਤੋਂ ਪੀੜਤ ਸਨ।

ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਤੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਜੇ 'ਦਿ ਕਸ਼ਮੀਰ ਫਾਈਲਜ਼' ਇੱਕ ਕਮਰਸ਼ੀਅਲ ਫਿਲਮ ਹੁੰਦੀ ਤਾਂ ਕਿਸੇ ਨੂੰ ਕੋਈ ਸਮੱਸਿਆ ਨਹੀਂ ਸੀ, ਪਰ ਜੇ ਫਿਲਮ ਨਿਰਮਾਤਾ ਦਾਅਵਾ ਕਰਦੇ ਹਨ ਕਿ ਇਹ ਅਸਲੀਅਤ ਉੱਤੇ ਆਧਾਰਤ ਹੈ ਤਾਂ ਸੱਚਾਈ ਕੁਝ ਹੋਰ ਹੈ।ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਪਹੁੰਚੇ ਅਬਦੁੱਲਾ ਨੇ ਕਿਹਾ ਕਿ ''ਜਦੋਂ ਕਸ਼ਮੀਰੀ ਪੰਡਤਾਂ ਦੇ ਪਲਾਇਨ ਦੀ ਘਟਨਾ ਵਾਪਰੀ ਸੀ, ਉਦੋਂ ਫਾਰੂਕ ਅਬਦੁੱਲਾ ਮੁੱਖ ਮੰਤਰੀ ਨਹੀਂ ਸਨ। ਜਗਮੋਹਨ ਗਵਰਨਰ ਸਨ। ਕੇਂਦਰ ਵਿੱਚ ਵੀ ਪੀ ਸਿੰਘ ਸਰਕਾਰ ਸੀ, ਜਿਨ੍ਹਾਂ ਨੂੰ ਭਾਜਪਾ ਨੇ ਬਾਹਰੋਂ ਸਮਰਥਨ ਦਿੱਤਾ ਸੀ।'' ਉਮਰ ਅਬਦੁੱਲਾ ਨੇ ਹੈਰਾਨੀ ਪ੍ਰਗਟ ਕੀਤੀ ਇਸ ਤੱਥ ਨੂੰ ਫਿਲਮ ਤੋਂ ਦੂਰ ਕਿਉਂ ਰੱਖਿਆ ਹੈ। ਉਨ੍ਹਾਂ ਕਿਹਾ, ''ਸੱਚਾਈ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਇਹ ਠੀਕ ਨਹੀਂ।''ਉਮਰ ਨੇ ਕਿਹਾ, ''ਜੇ ਕਸ਼ਮੀਰੀ ਪੰਡਤ ਅੱਤਵਾਦ ਦੇ ਸ਼ਿਕਾਰ ਹੋਏ ਹਨ ਤਾਂ ਸਾਨੂੰ ਇਸ ਦਾ ਬਹੁਤ ਦੁੱਖ ਹੈ, ਪਰ ਸਾਨੂੰ ਉਨ੍ਹਾਂ ਮੁਸਲਮਾਨਾਂ ਤੇ ਸਿੱਖਾਂ ਦੇ ਸੰਘਰਸ਼ ਨੂੰ ਨਹੀਂ ਭੁੱਲਣਾ ਚਾਹੀਦਾ ਜਿਨ੍ਹਾਂ ਨੂੰ ਇੱਕ ਹੀ ਬੰਦੂਕ ਨਾਲ ਨਿਸ਼ਾਨਾ ਬਣਾਇਆ ਗਿਆ ਸੀ।'' ਉਨ੍ਹਾਂ ਕਿਹਾ ਕਿ ਬਹੁਗਿਣਤੀ ਭਾਈਚਾਰੇ ਦੇ ਕੁਝ ਲੋਕਾਂ ਦਾ ਹਾਲੇ ਵਾਪਸ ਆਉਣਾ ਬਾਕੀ ਹੈ। ਉਨ੍ਹਾਂ ਕਿਹਾ, ''ਅੱਜ ਅਜਿਹਾ ਮਾਹੌਲ ਬਣਾਉਣ ਦੀ ਲੋੜ ਹੈ ਜਿੱਥੇ ਅਸੀਂ ਉਨ੍ਹਾਂ ਸਾਰਿਆਂ ਨੂੰ ਵਾਪਸ ਲਿਆ ਸਕੀਏ, ਜਿਨ੍ਹਾਂ ਨੇ ਘਰ ਛੱਡ ਦਿੱਤਾ ਸੀ।''

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕਸ਼ਮੀਰੀ ਪੰਡਤਾਂ ਦੀ ਵਾਪਸੀ ਦਾ ਮਾਹੌਲ ਬਣਾਇਆ ਜਾਵੇਗਾ। ਉਨ੍ਹਾਂ ਕਿਹਾ, ''ਮੈਨੂੰ ਨਹੀਂ ਲੱਗਦਾ ਕਿ ਜਿਹੜੇ ਲੋਕਾਂ ਨੇ ਫਿਲਮ ਬਣਾਈ ਹੈ, ਉਹ ਚਾਹੁੰਦੇ ਹਨ ਕਿ ਕਸ਼ਮੀਰੀ ਪੰਡਤ ਵਾਪਸ ਆਉਣ।''ਬਾਅਦ ਵਿੱਚ ਉਮਰ ਅਬਦੁੱਲਾ ਨੇ ਟਵੀਟ ਕਰ ਕੇ ਕਿਹਾ, ''ਸਾਲ 1990 ਅਤੇ ਉਸ ਦੇ ਬਾਅਦ ਦੇ ਦਰਦ ਅਤੇ ਮੁਸ਼ਕਲਾਂ ਨੂੰ ਬਦਲਿਆ ਨਹੀਂ ਜਾ ਸਕਦਾ। ਜਿੰਦਾਂ ਨਾਲ ਕਸ਼ਮੀਰੀ ਪੰਡਤਾਂ ਦੀ ਸੁਰੱਖਿਆ ਦੀ ਭਾਵਨਾ ਖੋਹੀ ਗਈ ਤੇ ਉਨ੍ਹਾਂ ਨੂੰ ਘਾਟੀ ਛੱਡ ਕੇ ਜਾਣਾ ਪਿਆ ਸੀ, ਉਹ ਕਸ਼ਮੀਰੀ ਪਰੰਪਰਾ ਉੱਤੇ ਧੱਬਾ ਹੈ।''

# ਅਮਰੀਕੀ ਫੌਜ ਦਾ ਜਹਾਜ਼ ਹਾਦਸਾਗ੍ਰਸਤ, ਚਾਰ ਫੌਜੀਆਂ ਦੀ ਮੌਤ



ਹੇਲਸਿੰਕੀ, 20 ਮਾਰਚ (ਪੋਸਟ ਬਿਊਰੋ)- ਨਾਰਵੇ ਵਿੱਚ ਉਤਰੀ ਐਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਜੰਗੀ ਅਭਿਆਸ ਦੌਰਾਨ ਇੱਕ ਜਹਾਜ਼ ਹਾਦਸੇ ਵਿੱਚ ਚਾਰ ਅਮਰੀਕੀ ਫੌਜੀਆਂ ਦੀ ਮੌਤ ਹੋ ਗਈ ਹੈ।

ਇਸ ਬਾਰੇ ਨਾਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗਹਿਰ ਸਟੋਰ ਨੇ ਟਵੀਟ ਕੀਤਾ ਕਿ ਸ਼ੁੱਕਰਵਾਰ ਰਾਤ ਵਾਪਰੇ ਇਸ ਹਾਦਸੇ ਵਿੱਚ ਚਾਰ ਅਮਰੀਕੀ ਫੌਜੀ ਮਾਰੇ ਗਏ।ਉਨ੍ਹਾਂ ਟਵੀਟ ਕੀਤਾ, ''ਅਮਰੀਕਾ ਦੇ ਫੌਜੀ ਨਾਟੋ ਦੇ ਸਾਂਝੇ ਅਭਿਆਸ ਵਿੱਚ ਹਿੱਸਾ ਲੈ ਰਹੇ ਸਨ। ਅਸੀਂ ਮਾਰੇ ਗਏ ਫੌਜੀਆਂ ਦੇ ਪਰਵਾਰਾਂ ਅਤੇ ਸਾਥੀਆਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ।'' ਨਾਰਵੇ ਦੀ ਫੌਜ ਅਨੁਸਾਰ ਇਹ ਜਹਾਜ਼ ਯੂ ਐਸ ਨੇਵੀ ਦਾ ਵੀ-22ਬੀ ਓਸਪ੍ਰੇ ਏਅਰਕਰਾਫਟ ਸੀ। ਜਹਾਜ਼ ਵਿੱਚ ਚਾਲਕ ਦਲ ਦੇ ਕੁੱਲ ਚਾਰ ਮੈਂਬਰ ਸਨ ਅਤੇ ਇਹ ਨੌਰਡਲੈਂਡ ਕਾਊਂਟੀ ਵਿੱਚ ਇੱਕ ਟਰੇਨਿੰਗ ਆਪਰੇਸ਼ਨ ਵਿੱਚ ਹਿੱਸਾ ਲੈ ਰਹੇ ਸਨ।ਨਾਰਵੇ ਨੇ ਕਿਹਾ ਕਿ ਜਹਾਜ਼ 'ਕੋਲਡ ਰਿਸਪਾਂਸ' ਫੌਜੀ ਅਭਿਆਸ ਵਿੱਚ ਹਿੱਸਾ ਲੈ ਰਿਹਾ ਸੀ। ਇਸ ਅਭਿਆਸ ਤਹਿਤ ਨਾਟੋ ਦੇ ਮੈਂਬਰ ਦੇਸ਼ਾਂ ਦੇ ਫੌਜੀ ਭਿਆਨਕ ਠੰਢ ਦੇ ਵਿਚ ਨਾਰਵੇ ਦੀ ਫੌਜ ਨਾਲ 'ਸਿਖਲਾਈ ਅਤੇ ਸੰਚਾਲਨ' ਕਰ ਰਹੇ ਸਨ। ਨਾਰਵੇ ਅਨੁਸਾਰ ਇਸ ਅਭਿਆਸ ਦਾ ਯੂਕਰੇਨ ਯੁੱਧ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਹੋਲੀ ਖੇਡ ਕੇ ਤਲਾਬ 'ਚ ਨਹਾਉਣ ਗਏ ਚਾਰ ਬੱਚਿਆਂ ਦੀ ਮੌਤ



ਵਿਰਲਾਪ ਕਰਦੇ ਪਰਿਵਾਰ ਵਾਲੇ।

ਪਲਵਲ, 20 ਮਾਰਚ (ਪੋਸਟ ਬਿਊਰੋ)- ਹੋਲੀ ਮੌਕੇ ਬੀਤੇ ਸ਼ੁੱਕਰਵਾਰ ਨੂੰ ਭਿੜੂਕੀ ਪਿੰਡ ਵਿੱਚ ਚਾਰ ਬੱਚਿਆਂ ਦੀ ਤਲਾਬ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਚਾਰਾਂ ਬੱਚਿਆਂ ਦਾ ਇਕੱਠੇ ਸਸਕਾਰ ਹੋਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਨੂੰ ਹੁਰੰਗਾ ਖੇਡਣ ਦੇ ਬਾਅਦ ਦੁਪਹਿਰ ਨੂੰ 13 ਸਾਲਾ ਭੋਲਾ, 14 ਸਾਲਾ ਹਰਸ਼ਿਤ, 12 ਸਾਲਾ ਨਮਨ ਤੇ 15 ਸਾਲਾ ਰਾਜੂ ਨਹਾਉਣ ਲਈ ਪਿੰਡ ਦੇ ਸਿੱਧ ਦਾਸ ਬਾਬਾ ਮੰਦਰ ਵਿਚਲੇ ਤਲਾਬ ਉੱਤੇ ਗਏ ਸਨ। ਚਾਰਾਂ ਨੇ ਇੱਕ-ਇੱਕ ਕਰ ਕੇ ਤਲਾਬ ਵਿੱਚ ਛਾਲ ਮਾਰ ਦਿੱਤੀ, ਪਰ ਵਾਪਸ ਨਹੀਂ ਨਿਕਲੇ। ਬੱਚਿਆਂ ਨੂੰ ਕੱਢਣ ਲਈ ਕਈ ਲੋਕਾਂ ਨੇ ਤਲਾਬ ਵਿੱਚ ਛਾਲਾਂ ਮਾਰੀਆਂਅਤੇ ਇੱਕ-ਇੱਕ ਕਰ ਕੇ ਚਾਰਾਂ ਬੱਚਿਆਂ ਨੂੰ ਕੱਢਿਆ ਪਰ, ਤਦ ਤਕ ਭੋਲਾ ਦੀ ਮੌਤ ਹੋ ਚੁੱਕੀ ਸੀ, ਜਦ ਕਿ ਹਰਸ਼ਿਤ, ਨਮਨ ਤੇ ਰਾਜੂ ਦੇ ਸਾਹ ਚੱਲਦੇ ਸਨ। ਤਿੰਨਾਂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ, ਤਦ ਰਸਤੇ ਵਿੱਚ ਇਨ੍ਹਾਂ ਦੀ ਵੀ ਮੌਤ ਹੋ ਗਈ।

# ਸਮਾਜਵਾਦੀ ਵਿਧਾਇਕ ਦੇ ਘਰ ਵਿੱਚ ਕੈਦ ਬਲਾਕ ਪ੍ਰਮੁੱਖ ਛੁਡਾਇਆ



ਬਸਤੀ, 20 ਮਾਰਚ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਨਵੇਂ ਚੁਣੇ ਵਿਧਾਇਕ ਮਹਿੰਦਰ ਨਾਥ ਯਾਦਵ ਨੇ ਬਹਾਦੁਰਪੁਰ ਦੇ ਬਲਾਕ ਮੁਖੀ ਰਾਮ ਕੁਮਾਰ ਨੂੰ ਉਸ ਦੀ ਪਤਨੀ ਅਤੇ ਚਾਰ ਬੱਚਿਆਂ ਸਮੇਤ ਪੰਜ ਮਹੀਨੇ ਤੋਂ ਬੰਦੀ ਬਣਾ ਕੇ ਰੱਖਿਆ ਹੋਇਆ ਸੀ। ਬਲਾਕ ਮੁਖੀ ਦੇ ਸਾਲੇ ਵੱਲੋਂ ਸ਼ਿਕਾਇਤ ਦੇ ਬਾਅਦ ਪੁਲਸ ਨੇ ਚਾਰ ਥਾਣਿਆਂ ਦੀ ਪੁਲਸ ਨਾਲ ਸ਼ੁੱਕਰਵਾਰ ਅੱਧੀ ਰਾਤ ਛਾਪਾ ਮਾਰ ਕੇ ਉਨ੍ਹਾਂ ਨੂੰ ਛੁਡਾ ਕੇਉਨ੍ਹਾਂ ਦੇ ਘਰ ਪੁਚਾ ਦਿੱਤਾ ਹੈ। ਕਾਰਵਾਈ ਦੌਰਾਨ ਵਿਧਾਇਕ ਵੀ ਘਰ ਵਿੱਚ ਮੌਜੂਦ ਸੀ। ਬਾਅਦ ਵਿੱਚ ਉਸ ਨੇ ਆਪਣਾ ਮੋਬਾਈਲ ਬੰਦ ਕਰ ਲਿਆ।

ਐਸ ਪੀ ਨੇ ਦੱਸਿਆ ਕਿ 18 ਮਾਰਚ ਦੀ ਸ਼ਾਮ ਨੂੰ ਥਾਣਾ ਕਲਵਾਰੀ ਨੂੰ ਓਮ ਪ੍ਰਕਾਸ਼ ਨੇ ਦੱਸਿਆ ਕਿ ਬਹਾਦੁਰਪੁਰ ਦੇ ਬਲਾਕ ਦੇ ਮੁਖੀ ਉਸ ਦੇ ਜੀਜੇ ਰਾਮ ਕੁਮਾਰ ਨੂੰ ਬੀਤੀ 23 ਅਕਤੂਬਰ ਨੂੰ ਸਮਾਜਵਾਦੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰਨਾਥ ਯਾਦਵ ਆਪਣੇ ਘਰ ਲੈ ਗਏ ਸਨ। 17 ਮਾਰਚ ਦੀ ਰਾਤ ਰਾਮ ਕੁਮਾਰ ਨੇ ਫੋਨ ਉਤੇ ਦੱਸਿਆ ਕਿ ਯਾਦਵ ਨੇ ਉਨ੍ਹਾਂ ਨੂੰ ਆਪਣੇ ਘਰ ਬੰਦੀ ਬਣਾ ਕੇ ਰੱਖਿਆ ਹੈ ਅਤੇ ਉਨ੍ਹਾਂ ਨੂੰ ਨਿਕਲਣ ਨਹੀਂ ਦੇਂਦਾ।ਓਮ ਪ੍ਰਕਾਸ਼ ਨੇ ਰਾਮ ਕੁਮਾਰ ਨਾਲ ਗੱਲਬਾਤ ਦੀਆਂ ਕੁਝ ਆਡੀਓ ਕਲਿਪ ਵੀ ਸੌਂਪੀਆਂ।

# ਮੈਡੀਕਲ ਕਾਲਜ 'ਚ ਸਿਲੰਡਰ ਫੱਟਣ ਨਾਲ ਵਿਦਿਆਰਥੀ ਦੀ ਮੌਤ



ਪਠਾਨਕੋਟ, 20 ਮਾਰਚ (ਪੋਸਟ ਬਿਊਰੋ)- ਬੁੰਗਲ ਦੇ ਪ੍ਰਾਈਵੇਟ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਸ਼ੁੱਕਰਵਾਰ ਰਾਤ ਸਿਲੰਡਰ ਫਟਣ ਨਾਲ ਆਈ ਟੀ ਆਈ ਦੀ ਟਰਨਰ ਟ੍ਰੇਡ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਨਿਤਿਨ ਦੀ ਮੌਤ ਹੋ ਗਈ। ਨਿਤਿਨ ਆਕਸੀਜਨ ਸਿਲੰਡਰ ਫਿਟ ਕਰ ਰਿਹਾ ਸੀ ਤਦ ਧਮਾਕਾ ਹੋ ਗਿਆ।

ਨਿਤਿਨ ਠਾਕੁਰ(22) ਬੁੰਗਲ ਬਧਾਨੀ ਪਿੰਡ ਦਾ ਸੀ। ਇਸ ਘਟਨਾ ਦੇ ਬਾਅਦ ਮਮੂਨ ਪੁਲਸ ਓਥੇ ਆਈ। ਨਿਤਿਨ ਆਈ ਟੀ ਆਈ ਵਿੱਚ ਟਰਨਰ ਟ੍ਰੇਡ ਵਿੱਚ ਪੜ੍ਹਾਈ ਕਰ ਰਿਹਾ ਸੀ। ਮੈਡੀਕਲ ਕਾਲਜ ਦੇ ਸੀ ਈ ਓ ਦਾ ਕਹਿਣਾ ਹੈ ਕਿ ਸਿਵਲ ਹਸਪਤਾਲ ਤੋਂ ਆਈ ਟੀਮ ਦੀ ਮੁੱਢਲੀ ਜਾਂਚ ਵਿੱਚ ਲੱਗਦਾ ਹੈ ਕਿ ਸਿਲੰਡਰ ਉੱਤੇ ਹਥੌੜੇ ਨਾਲ ਵਾਰ ਹੋਣ ਕਾਰਨ ਆਕਸੀਜਨ ਸਿਲੰਡਰ ਦੀ ਪਿੰਨ ਵੱਧ ਦੱਬੀ ਗਈ ਤੇ ਹਾਦਸਾ ਹੋ ਗਿਆ। ਪੁਲਸ ਦੀ ਮੁੱਢਲੀ ਜਾਂਚ ਵਿੱਚ ਪਤਾ ਲੱਗਾਕਿ ਆਕਸੀਜਨ ਸਿਲੰਡਰ ਲਗਾਉਂਦੇ ਸਮੇਂ ਇਹ ਹਾਦਸਾ ਹੋਇਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਜਾਇਦਾਦੀ ਝਗੜੇ ਦਾ ਮਾਮਲਾ

# ਪਿਤਾ ਨੇ ਨੂੰਹ-ਪੁੱਤਰ ਅਤੇ ਦੋ ਪੋਤਰੀਆਂ ਨੂੰ ਜ਼ਿੰਦਾ ਸਾੜਿਆ



ਇਡੁੱਕੀ, 20 ਮਾਰਚ (ਪੋਸਟ ਬਿਊਰੋ)- ਕੇਰਲ ਦੇ ਇਡੁੱਕੀ ਵਿੱਚ ਇੱਕ ਬਜ਼ੁਰਗ ਨੇ ਜਾਇਦਾਦੀ ਝਗੜੇ ਕਾਰਨ ਆਪਣੇ ਹੀ ਘਰ ਵਿੱਚ ਅੱਗ ਲਾ ਕੇ ਬੇਟੇ, ਨੂੰਹ ਅਤੇ ਦੋ ਪੋਤਰੀਆਂ ਨੂੰ ਜ਼ਿੰਦਾ ਸਾੜ ਦਿੱਤਾ ਹੈ। ਛੋਟੀ ਬੇਟੀ ਅਤੇ ਪਿਤਾ ਦੀਆ ਲਾਸ਼ਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਸਨ, ਜਿਸ ਨੂੰ ਦੇਖ ਕੇ ਲੱਗਦਾ ਹੈ ਕਿ ਪਿਤਾ ਨੇ ਬੱਚੀ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ।ਬਜ਼ੁਰਗ ਨੇ ਇਹ ਕਾਰਾ ਉਦੋਂ ਕੀਤਾ ਜਦੋਂ ਘਰ ਦੇ ਸਾਰੇ ਮੈਂਬਰ ਸੌਂ ਰਹੇ ਸਨ।

79 ਸਾਲਾ ਹਾਮਿਦ ਨੇ ਪਹਿਲਾਂ ਘਰ ਦੇ ਦਰਵਾਜ਼ੇ ਨੂੰ ਬਾਹਰੋਂ ਤਾਲਾ ਮਾਰ ਦਿੱਤਾ, ਫਿਰ ਖਿੜਕੀ ਵਿੱਚੋਂ ਘਰ ਵਿੱਚ ਪੈਟਰੋਲ ਨਾਲ ਭਰੀ ਬੋਤਲ ਸੁੱਟੀ ਅਤੇ ਅੱਗ ਲਾ ਦਿੱਤੀ। ਘਰ ਵਿੱਚ ਅੱਗ ਲੱਗੀ ਦੇਖ ਕੇ ਹਾਮਿਦ ਦੇ ਬੇਟੇ ਅਤੇ ਨੂੰਹ ਨੇ ਮਦਦ ਲਈ ਚੀਕਾਂ ਮਾਰੀਆਂ, ਪਰ ਕੋਈ ਨਹੀਂ ਆਇਆ।ਪੁਲਸ ਨੇ ਦੱਸਿਆ ਕਿ ਇੱਕ ਗੁਆਂਢੀ ਨੇ ਹਾਮਿਦ ਨੂੰ ਆਪਣੇ ਘਰ ਵਿੱਚ ਪੈਟਰੋਲ ਦੀ ਬੋਤਲ ਸੁੱਟਦੇ ਦੇਖਿਆ ਸੀ। ਦੋਸ਼ੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਹਾਮਿਦ ਨੇ ਬੇਟੇ-ਨੂੰਹ ਅਤੇ ਦੋਵਾਂ ਪੋਤਰੀਆਂ ਨੂੰ ਮਾਰਨ ਦੀ ਸਾਜ਼ਿਸ ਪਹਿਲਾਂ ਹੀ ਰਚ ਕੇ ਪਹਿਲਾਂ ਪੈਟਰੋਲ ਦੀਆਂ ਪੰਜ ਬੋਤਲਾਂ ਦਾ ਪ੍ਰਬੰਧ ਕੀਤਾ ਸੀ। ਹਾਮਿਦ ਨੇ ਘਰ ਦੀ ਪਾਣੀ ਦੀ ਟੈਂਕੀ ਵੀ ਖਾਲੀ ਕਰ ਦਿੱਤੀ ਸੀ, ਤਾਂ ਕਿ ਉਨ੍ਹਾਂ ਦਾ ਬੇਟਾ, ਨੂੰਹ ਅੱਗ ਨਾ ਬੁਝਾ ਸਕਣ।

# ਜਣੇਪਾ ਵਰਗ 'ਚ 10 ਫੀਸਦੀ ਔਰਤਾਂ ਐਂਡਰੋਮੈਟ੍ਰਿਓਸਿਸ ਤੋਂ ਪ੍ਰਭਾਵਤ

ਜਲੰਧਰ, 20 ਮਾਰਚ (ਪੋਸਟ ਬਿਊਰੋ)- ਭਾਰਤ ਦੇ ਰਾਸ਼ਟਰੀ ਜਣੇਪਾ ਅਤੇ ਬਾਲ ਸਿਹਤ (ਆਰ ਸੀ ਐਚ) ਪ੍ਰੋਗਰਾਮ ਦੇ ਸਲਾਹਕਾਰ ਡਾਕਟਰ ਨਰੇਸ਼ ਪੁਰੋਹਿਤ ਨੇ ਕਿਹਾ ਹੈ ਕਿ ਐਂਡਰੋਮੈਟ੍ਰਿਓਸਿਸ ਬਿਮਾਰੀ ਦੇ ਲੱਛਣਾਂ ਵਿੱਚ ਆਮ ਤੌਰ ਉੱਤੇ ਜ਼ਿਆਦਾ ਪੈਲਵਿਕ ਦਰਦ ਅਤੇ ਭਾਰੀ ਖ਼ੂਨ ਰਿਸਣਾ, ਬਾਂਝਪਣ, ਲੰਬਾ ਸਮਾਂ ਮਹਾਮਾਰੀ ਚੱਕਰ, ਜੀਅ ਘਬਰਾਉਣਾ ਜਾਂ ਉਲਟੀ ਆਉਣਾ ਸ਼ਾਮਲ ਹੈ।ਉਨ੍ਹਾਂ ਨੇ ਕਿਹਾ ਕਿ ਮਹਾਮਾਰੀ ਤੋਂ ਪਹਿਲਾਂ, ਇਸ ਦੇ ਦੌਰਾਨ ਅਤੇ ਬਾਅਦ ਵਿੱਚ ਦਰਦ ਹੁੰਦਾ ਹੈ। ਰੋਗੀ ਦੀ ਉਮਰ ਦੇ ਆਧਾਰ ਉੱਤੇਇਲਾਜ ਵੱਖ-ਵੱਖ ਹੁੰਦਾ ਹੈ।

ਡਾਕਟਰ ਨਰੇਸ਼ ਪੁਰੋਹਿਤ ਦੇ ਅਨੁਸਾਰ ਜੇ ਕੋਈ ਰੋਗੀ ਮੁੱਢਲੀ ਹਾਲਤ ਵਿੱਚ ਆਵੇ ਤਾਂ ਹਾਰਮੋਨਲ ਦਵਾ ਹੀ ਠੀਕ ਹੋਵੇਗੀ। ਉਨ੍ਹਾਂ ਕਿਹਾ ਕਿ ਜਣੇਪਾ ਉਮਰ ਵਰਗ ਦੀਆਂ 10 ਫੀਸਦੀ ਔਰਤਾਂ ਐਂਡਰੋਮੈਟ੍ਰਿਓਸਿਸ ਤੋਂ ਪ੍ਰਭਾਵਤ ਹਨ। ਏਥੇ ਰਾਜਪੁਰਾ ਦੇ ਗਿਆਨ ਸਾਗਰ ਮੈਡੀਕਲ ਕਾਲਜ ਵੱਲੋਂ ਕਰਵਾਏ 'ਔਰਤਾਂ ਵਿੱਚ ਐਂਡਰੋਮੈਟ੍ਰਿਓਸਿਸ ਜਾਗਰੂਕਤਾ' ਉੱਤੇ ਵੈਬੀਨਾਰ ਨੂੰ ਸੰਬੋਧਨ ਕਰਨ ਮੌਕੇ ਪ੍ਰਸਿੱਧ ਮਹਾਮਾਰੀ ਵਿਗਿਆਨੀ ਡਾਕਟਰ ਪੁਰੋਹਿਤ ਨੇ ਦੱਸਿਆ ਕਿ ਪਿਛਲੇ 15 ਸਾਲਾਂ ਵਿੱਚ ਐਂਡਰੋਮੈਟ੍ਰਿਓਸਿਸ ਦੇ ਕੇਸਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਅਤੇ ਪੰਜਾਬ ਵਿੱਚ ਕਈ ਔਰਤਾਂ ਮਹਾਵਾਰੀ ਵਿੱਚ ਦਰਦ, ਦਰਦਨਾਕ ਯੌਨ ਸੰਬੰਧ, ਕਬਜ਼, ਦਸਤ, ਸੋਜ਼ਿਸ਼, ਪਿੱਠ ਦਰਦ, ਪੈਰ ਦਰਦ, ਪੇਸ਼ਾਬ ਕਰਦੇ ਸਮੇਂ ਦਰਦ, ਮਲ ਤਿਆਗ ਕਰਦੇ ਸਮੇਂ ਦਰਦ ਤੇ ਮਲਾਸ਼ਯ ਵਿੱਚੋਂ ਖ਼ੂਨ ਵਹਿਣ ਦੀਆਂ ਸ਼ਿਕਾਇਤ ਕਰਦੀਆਂ ਹਨ।







# ਸਾਬਕਾ ਮੰਤਰੀ ਚੂਨੀ ਲਾਲ ਦੇ ਗੰਨਮੈਨ ਦੀ ਗੋਲੀ ਲੱਗਣ ਨਾਲ ਮੌਤ

*** ਕਾਰਬਾਈਨ ਸਾਫ ਕਰਦਿਆਂ ਦੋ ਗੋਲੀਆਂ ਚੱਲ ਗਈਆਂ**

ਜਲੰਧਰ, 20 ਮਾਰਚ (ਪੋਸਟ ਬਿਊਰੋ)- ਕ੍ਰਿਸ਼ਨਾ ਨਗਰ ਵਿੱਚ ਹੋਲੀ ਦੀ ਰਾਤ ਕਰੀਬ ਪੀ ਏਪੀ ਦੀ ਸੱਤ ਬਟਾਲੀਅਨ ਦੇ ਹੌਲਦਾਰ ਹਰਪਾਲ ਸਿੰਘ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਕਾਰਬਾਈਨ ਨੂੰ ਸਾਫ ਕਰਦੇ ਹੋਏ ਦੋ ਗੋਲੀਆਂ ਚੱਲੀਆਂ ਤਾਂ ਇੱਕ ਗੋਲੀ ਹਰਪਾਲ ਦੇ ਪੇਟ ਨੂੰ ਚੀਰ ਕੇ ਨਿਕਲ ਗਈ ਤਾਂ ਦੂਸਰੀ ਛਾਤੀ ਵਿੱਚ ਫਸ ਗਈ।

ਹਰਪਾਲ ਸਿੰਘ ਸਾਬਕਾ ਭਾਜਪਾ ਮੰਤਰੀ ਭਗਤ ਚੂਨੀ ਨਾਲ ਗੰਨਮੈਨ ਸੀ।ਉਸ ਦੇ ਪਲੱਸ-ਟੂ ਵਿੱਚ ਪੜਦੇ ਬੇਟੇ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ ਸੀ ਅਤੇ ਜੂਨ 2021 ਵਿੱਚ ਇੱਕ ਬੇਟੇ ਦਾ ਜਨਮ ਹੋਇਆ ਸੀ। ਵੱਡੀ ਬੇਟੀ ਮਨਦੀਪ ਕੌਰ ਪੰਜ ਸਾਲ ਤੋਂ ਕੈਨੇਡਾ ਵਿੱਚ ਹੈ। ਕ੍ਰਿਸ਼ਨਾ ਨਗਰ ਗਲੀ ਨੰਬਰ ਛੇ ਵਿੱਚ ਹਰਪਾਲ ਨੇ ਗੁਆਂਢੀ ਸਰਮਪ੍ਰੀਤ ਸਿੰਘ ਨੂੰ ਫੋਨ ਕਰ ਕੇ ਕਿਹਾ, ਉਸ ਨੂੰ ਗੋਲੀ ਲੱਗ ਗਈ ਹੈ। ਇਸ ਉੱਤੇ ਗੁਆਂਢੀ ਜ਼ਖਮੀ ਹਰਪਾਲ ਨੂੰ ਟੈਗੋਰ ਹਸਪਤਾਲ ਲੈ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਗੁਰਮੀਤ ਕੌਰ ਨੇ ਦੱਸਿਆ, 2006 ਵਿੱਚ ਪਤੀ ਭਗਤ ਚੂਨੀ ਲਾਲ ਦੇ ਗੰਨਮੈਨ ਦੇ ਤੌਰ ਉੱਤੇ ਤੈਨਾਤ ਸਨ। ਸ਼ੁੱਕਰਵਾਰ ਨੂੰ ਕਰੀਬ ਸਾਢੇ ਅੱਠ ਵਜੇ ਬੇਟੇ ਨੇ ਰੋਣਾ ਸ਼ੁਰੂ ਕਰ ਦਿੱਤਾ। ਉਸ ਨੂੰ ਚੁੱਪ ਕਰਾਉਣ ਲਈ ਬਾਹਰ ਲੈ ਗਈ। ਉਸ ਵੇਲੇ ਉਸ ਦੇ ਪਤੀ ਸਰਕਾਰੀ ਕਾਰਬਾਈਨ ਸਾਫ ਕਰ ਰਹੇ ਸਨ। ਇਸੇ ਦੌਰਾਨ ਗੁਆਂਢੀ ਗਲੀ ਵਿੱਚ ਆਇਆ ਤੇ ਕਹਿਣ ਲੱਗਾ ਕਿ ਹਰਪਾਲ ਨੂੰ ਗੋਲੀ ਲੱਗ ਗਈ ਹੈ। ਉਹ ਅੰਦਰ ਗਈ ਤਾਂ ਪਤੀ ਤੜਫ ਰਹੇ ਸਨ।

# ਪਿਤਾ ਵੱਲੋਂ ਕਾਰ ਬੈਕ ਕਰਦਿਆਂ ਡੇਢ ਸਾਲਾ ਬੇਟੇ ਦੀ ਮੌਤ




ਲੁਧਿਆਣਾ, 20 ਮਾਰਚ (ਪੋਸਟ ਬਿਊਰੋ)-ਬੀਤੇ ਦਿਨ ਥਾਣਾ ਦਰੇਸੀ ਦੇ ਇਲਾਕੇ ਮਾਧੋਪੁਰੀ ਵਿੱਚ ਮਰਸਡੀਜ਼ ਕਾਰ ਬੈਕ ਕਰਦੇ ਸਮੇਂ ਇੱਕ ਡੇਢ ਸਾਲ ਦੇ ਬੱਚੇ ਨੂੰ ਟੱਕਰ ਲੱਗ ਗਈ। ਜ਼ਖਮੀ ਬੱਚੇ ਨੂੰ ਗੰਭੀਰ ਹਾਲਤ ਵਿੱਚ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਬੱਚੇ ਦੀ ਮੌਤ ਹੋ ਗਈ। ਅਚਾਨਕ ਹੋਏ ਹਾਦਸੇ ਵਿੱਚ ਕਾਰ ਨੂੰ ਬੈਕ ਕਰਨ ਵਾਲਾ ਪਿਤਾ ਸੀ, ਜਦ ਕਿ ਮਰਨ ਵਲਾ ਡੇਢ ਸਾਲ ਦਾ ਬੱਚਾ ਉਸੇ ਦਾ ਬੇਟਾ ਸੀ।

ਮਿਲੀ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਸਵੇਰੇ ਪੀੜਤ ਵਿਅਕਤੀ ਘਰੋਂ ਕੰਮ ਉੱਤੇ ਜਾਣ ਲਈ ਨਿਕਲਿਆ। ਉਸ ਦੇ ਪਿੱਛੇ ਡੇਢ ਸਾਲ ਦਾ ਬੇਟਾ ਵੀ ਚੱਲ ਪਿਆ। ਬੇਟੇ ਨੂੰ ਪਿੱਛੇ ਆਉਂਦਾ ਦੇਖ ਕੇ ਪਿਤਾ ਨੇ ਬੱਚੇ ਨੂੰ ਵਾਪਸ ਘਰ ਦੇ ਅੰਦਰ ਭੇਜਿਆ, ਪਰ ਬੱਚਾ ਦੋਬਾਰਾ ਪਿਤਾ ਦੇ ਪਿੱਛੇ ਨਿਕਲ ਪਿਆ। ਇਸ ਦੀ ਜਾਣਕਾਰੀ ਪਿਤਾ ਨੂੰ ਨਹੀਂ ਸੀ। ਉਹ ਸਮਝ ਰਿਹਾ ਸੀ ਕਿ ਬੇਟਾ ਘਰ ਦੇ ਅੰਦਰ ਹੈ। ਪਿਤਾ ਜਦ ਕਾਰ ਬੈਕ ਕਰ ਰਿਹਾ ਸੀ ਤਾਂ ਅਚਾਨਕ ਡੇਢ ਸਾਲਾ ਬੇਟਾ ਕਾਰ ਦੇ ਪਿੱਛੇ ਆ ਗਿਆ। ਜ਼ੋਰਦਾਰ ਟੱਕਰ ਨਾਲ ਬੱਚੇ ਦੀ ਚੀਕ ਨਿਕਲੀ। ਉਸ ਨੂੰ ਪਰਵਾਰ ਤੁਰੰਤ ਹਸਪਤਾਲ ਲੈ ਗਿਆ ਸੀ, ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਉਸ ਦੀ ਮੌਤ ਹੋ ਗਈ।

# ਭਾਖੜਾ ਨਹਿਰ ਕੰਢੇ ਹੋਲੀ ਦਾ ਰੰਗ ਧੋਂਦਾ ਮੁੰਡਾ ਰੁੜ੍ਹ ਗਿਆ

ਪਟਿਆਲਾ, 20 ਮਾਰਚ (ਪੋਸਟ ਬਿਊਰੋ)- ਆਦਰਸ਼ ਕਾਲੋਨੀ ਵਾਸੀ 14 ਸਾਲਾ ਮੁੰਡੇ ਦੀ ਭਾਖੜਾ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਹੋਲੀ ਖੇਡਦੇ ਸਮੇਂ ਨਾਬਾਲਗ ਆਪਣਾ ਮੂੰਹ ਤੇ ਹੱਥਾਂ ਉੱਤੇ ਲੱਗਿਆ ਰੰਗ ਧੋਣ ਲਈ ਆਪਣੇ ਦੋਸਤ ਨਾਲ ਭਾਖੜਾ ਨਹਿਰ ਕੰਢੇ ਪੁੱਜਾ ਸੀ। ਡੁੱਬਣ ਵਾਲੇ ਲੜਕੇ ਦੀ ਪਛਾਣ ਆਦਰਸ਼ ਕਾਲੋਨੀ ਨੇੜੇ ਅਬਲੋਵਾਲ ਦੇ ਰਹਿਣ ਵਾਲੇ ਜਯੰਤ ਵਜੋਂ ਹੋਈ ਹੈ। ਪਰਵਾਰਕ ਮੈਂਬਰ ਗੋਤਾਖੋਰਾਂ ਦੀ ਮਦਦ ਨਾਲ ਨਹਿਰ ਅਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਭਾਲ ਕਰਦੇ ਰਹੇ। ਕੋਈ ਸੁਰਾਗ ਨਾ ਮਿਲਣ ਉੱਤੇ ਉਸ ਨੇ ਕਰੀਬ ਤਿੰਨ ਵਜੇ ਪੁਲਸ ਨੂੰ ਸੂਚਿਤ ਕੀਤਾ ਜਿਸ ਤੋਂ ਪੁਲਸ ਟੀਮ ਨੇ ਗੋਤਾਖੋਰਾਂ ਦੀ ਮਦਦ ਨਾਲ ਭਾਲ ਸ਼ੁਰੂ ਕਰ ਦਿੱਤੀ ਹੈ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









**Urgently Need New Listings in Brampton/Caledon**

visit: www.teamjagaujla.com

Call **JAG AUJLA**

MCNE, REAL ESTATE BROKER

DIR: 416-371-7777

j.aujla@rogers.com www.jagaujla.com

Follow Us:

**CALL JAG FOR A QUICK & FREE HOME EVALUATION**

www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**

* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**

* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades

BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt — Sandalwood /Hwy 10 / Braidwood

SOLD $101,000 OVER ASKING IN 2 DAYS — 11 Germain Circ — Miss.Rd/ William Pkwy/ Bovaird

SOLD $165,000 OVER ASKING IN 2 DAYS — 5 Mitchell Ave — Sandalwood/ Conestoga/ Dalzell

SOLD @101% OF ASKING PRICE — 12 Laurelcrest St — Queen / Laurelcrest / Hwy 410

SOLD $260,000 OVER ASKING IN 4 DAYS — 10 Lady Stewart Blvd — Howden / William Pkwy/ Hwy 410

SOLD @99% OF ASKING PRICE — 11 Van Hoof Crest — Castlemore/ Goreway / Latania

SOLD $121,000 OVER ASKING IN 6 DAYS Caledon — 42 Pinedale Ave — Kennedy / Dougall

SOLD $73,000 OVER ASKING IN 6 DAYS Shelbourne — 416 Olde Village Lane — Hwy 89 / Greenwood

SOLD $355,000 OVER ASKING IN 4 DAYS — 37 Esker Dr — Heart Lake Rd/Sandalwood Pkwy

**FREE**

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated) Off: 905-456-3232

Call JAG AUJLA DIR: 416-371-7777 MCNE, REAL ESTATE BROKER

NOT INTENDED TO SOLICIT BUYERS OR SELLER CURRENTLY UNDER CONTRACT

March 2022



**ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ**

**ਅਵਤਾਰ ਸਿੰਘ ਟਿਵਾਣਾ**

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana — Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8

SOLD — $1,399,999 — CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE — $1,749,900 — 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE — $1,950,000 — 26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

**HELP WANTED**

**ਕਾਮਿਆਂ ਦੀ ਲੋੜ**

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017